ਖੇਤੀ ਦੂਨੀਆਂ
ਭਾਰਤ ਦਾ ਇੱਕੋ-ਇੱਕ ਪੰਜਾਬੀ ਖੇਤੀਬਾੜੀ ਅਖ਼ਬਾਰ (ਨਿਊਜ਼-ਪੇਪਰ)
Rs.10/-
Excellence in Agri Info
KHETI DUNIYAN, PATIALA
www.khetiduniyan.in
Postage Regd. No. PB/PTA/0338/2025-2027
Editor : Jagpreet Singh • RNI/PUNPUN00806 • Issue Dated 05-07-2025 • Vol.43 No.27 • M. 90410-14575 • Page 16
E-mail : khetiduniyan1983@gmail.com

ਖੇਤੀ ਸੰਬੰਧੀ ਸੰਪੂਰਣ ਜਾਣਕਾਰੀ ਲਈ
ਖੇਤੀ ਦੁਨੀਆਂ ਦੇ ਮੈਂਬਰ ਬਣੋ
ਇੱਕ ਸਾਲ ਲਈ 500/- ਰੁਪਏ
ਦੋ ਸਾਲ ਲਈ 750/- ਰੁਪਏ
ਚੰਦੇ ਭਰਨ ਲਈ QR ਕੋਡ ਸਕੈਨ ਕਰੋ।

# ਸਾਉਣੀ ਫਸਲਾਂ ਦੀ ਬਿਜਾਈ ਪਿਛਲੇ ਸਾਲ ਨਾਲੋਂ 47% ਵਧੀ

ਦੇਸ ਭਰ 'ਚ ਮਾਨਸੂਨ ਨੇ ਸਮੇਂ ਸਿਰ ਆ ਕੇ ਰਫਤਾਰ ਫੜੀ ਹੈ। 30 ਜੂਨ ਤੱਕ ਭਾਰਤ 'ਚ ਆਮ ਤੌਰ 'ਤੇ ਹੋਣ ਵਾਲੀ ਲੰਬੀ ਮਿਆਦ ਦੀ ਔਸਤ ਨਾਲੋਂ 9% ਵੱਧ ਮੀਂਹ ਦਰਜ ਕੀਤਾ ਗਿਆ। ਮੌਸਮ ਵਿਭਾਗ ਮੁਤਾਬਕ ਮੱਧ ਭਾਰਤ ਵਿਚ 25% ਅਤੇ ਉੱਤਰ-ਪੱਛਮੀ ਭਾਰਤ ਵਿਚ 42% ਵੱਧ ਮੀਂਹ ਹੋਇਆ ਹੈ। ਇਸ ਨਾਲ ਸਾਉਣੀ ਫਸਲਾਂ ਦੀ ਬਿਜਾਈ ਪਿਛਲੇ ਸਾਲ ਨਾਲੋਂ 47% ਵਧ ਗਈ ਹੈ। ਝੋਨਾ, ਦਾਲਾਂ, ਮੋਟੇ ਅਨਾਜ ਅਤੇ ਗੰਨੇ ਦੇ ਖੇਤਰ 'ਚ ਵਾਧਾ ਹੋਇਆ ਹੈ। ਕਪਾਹ ਦੀ ਬਿਜਾਈ 'ਚ 9% ਘਟੀ ਹੈ।




ਵਧੀਕ ਮੀਂਹ ਕਾਰਨ ਡੈਮਾਂ 'ਚ ਪਾਣੀ ਵੀ ਪਿਛਲੇ ਸਾਲ ਨਾਲੋਂ 16% ਵੱਧ ਭਰਿਆ ਹੋਇਆ ਹੈ, ਜਿਸ ਨਾਲ ਖੇਤੀ ਅਤੇ ਪੀਣ ਵਾਲੇ ਪਾਣੀ ਦੀ ਉਪਲਬਧਤਾ ਵੀ ਸੁਧਰੀ ਹੈ। ਇਹ ਹਾਲਾਤ ਮੰਹਗਾਈ 'ਚ ਕਮੀ ਲਿਆਉਣਗੇ। 2023 ਵਿੱਚ ਮਾਨਸੂਨ ਦੇਰੀ ਨਾਲ ਆਇਆ ਸੀ, ਜਿਸ ਕਰਕੇ ਰੀਟੇਲ ਮਹਿੰਗਾਈ 10.87% 'ਤੇ ਪਹੁੰਚ ਗਈ ਸੀ। ਪਰ ਇਸ ਵਾਰ ਮੀਂਹ ਵਧੀਆ ਹੋਣ ਕਰਕੇ ਆਨਾਜ, ਦਾਲਾਂ ਅਤੇ ਸਬਜੀਆਂ ਦੀ ਉਪਲਬਧਤਾ ਵੱਧੇਗੀ ਅਤੇ ਕੀਮਤਾਂ 'ਚ ਥਿਰਤਾ ਆਵੇਗੀ।

ਇਸਦਾ ਫਾਇਦਾ ਸਿੱਧਾ ਕਿਸਾਨਾਂ ਦੀ ਆਮਦਨ ਨੂੰ ਹੋਵੇਗਾ, ਜੋ ਛੋਟੇ ਅਤੇ ਮੱਧਮ ਸਹਿਰਾਂ ਵਿੱਚ ਖਪਤ ਵਧਾਉਣਗੇ। ਇਸ ਨਾਲ ਸੇਵਾ ਖੇਤਰ ਨੂੰ ਵੀ ਰੋਜਗਾਰ ਅਤੇ ਵਿਕਾਸ ਦੇ ਨਵੇਂ ਮੌਕੇ ਮਿਲਣਗੇ। ਮੌਸਮ ਦੇ ਹਾਲਾਤਾਂ ਤੇ ਆਧਾਰਤ ਪਿਛਲੇ ਰੁਝਾਨ ਦੱਸਦੇ ਹਨ ਕਿ ਜਦ ਮਾਨਸੂਨ ਵਧੀਆ ਹੁੰਦਾ ਹੈ, ਤਾਂ ਸ਼ੇਅਰ ਬਾਜਾਰ 'ਚ ਵੀ ਤੇਜੀ ਆਉਂਦੀ ਹੈ। 2020 ਅਤੇ 2022 ਵਿੱਚ ਇਹ ਵਾਧਾ 14% ਤੋਂ 16% ਤੱਕ ਰਿਹਾ। ਅਜਿਹਾ ਮੰਨਿਆ ਜਾ ਰਿਹਾ ਹੈ ਕਿ ਮੌਜੂਦਾ ਮੌਸਮੀ ਹਾਲਾਤਾਂ ਦੇ ਅਧਾਰ 'ਤੇ ਖਪਤ, ਖੇਤੀ ਤੇ ਆਰਥਿਕਤਾ ਤਿੰਨਿਆਂ ਖੇਤਰਾਂ ਵਿੱਚ ਵਾਧਾ ਹੋਵੇਗਾ।

BEW
KSA
ਕਿਸਾਨ ਖੁਸ਼ਹਾਲ
ਤਾਂ ਦੇਸ਼ ਖੁਸ਼ਹਾਲ
4 IN 1 COMBO
BEW ਸੁਪਰ ਸੀਡਰ


• ਲੋਨ ਉਪਲੱਬਧ
• ਸਬਸਿਡੀ ਉਪਲੱਬਧ
• ਬੁਕਿੰਗ ਸ਼ੁਰੂ
• ਪਾਉਡਰ ਕੋਟਿੰਗ ਪੇਂਟ
• ਪੇਟੇਂਟ ਡਿਜਾਇਨ
TOLL FREE NUMBER 1800-120-004455
• KS AGROTECH PVT. LTD.
• BHAGWAN ENGINNERING WORKS
• KS POWERTECH PVT. LTD.
• KS FARM CORPORATION PVT. LTD.
Raikot Road, Malerkotla - 148023, Distt. Sangrur Punjab
M. : 92170-70755, 92170-71755
E-mail : sales@ksagrotech.org, Info@ksagrotech.org
www.ksagrotech.org, www.bewindia.co





# ਝੋਨੇ ਦੀ ਫ਼ਸਲ ਵਿੱਚ ਲਘੂ ਤੱਤਾਂ ਦੀ ਘਾਟ ਦੀਆਂ ਨਿਸ਼ਾਨੀਆਂ ਅਤੇ ਇਲਾਜ

**ਝੋਨਾ ਪੰਜਾਬ ਦੀ ਇੱਕ ਮੁੱਖ ਸਾਉਣੀ ਦੀ ਫ਼ਸਲ ਹੈ । ਜ਼ਿਆਦਾ ਝਾੜ ਵਾਲੀਆਂ ਕਿਸਮਾਂ ਬੀਜਣ, ਬਿਨਾਂ ਲਘੂ ਤੱਤਾਂ ਵਾਲੀਆਂ ਖਾਦਾਂ ਦੀ ਵਧੇਰੀ ਵਰਤੋਂ ਅਤੇ ਜੈਵਿਕ ਖਾਦਾਂ ਦੀ ਘੱਟ ਵਰਤੋਂ, ਮਿੱਟੀ ਵਿੱਚ ਲਘੂ ਤੱਤਾਂ ਦੀ ਘਾਟ ਦਾ ਮੁੱਖ ਕਾਰਨ ਹਨ, ਜਿਨ੍ਹਾਂ ਦਾ ਪੈਦਾਵਾਰ 'ਤੇ ਸਿੱਧਾ ਅਸਰ ਪੈਂਦਾ ਹੈ । ਝੋਨੇ ਦੀ ਫ਼ਸਲ ਵਿੱਚ ਸੰਭਾਵੀ ਝਾੜ ਪ੍ਰਾਪਤ ਕਰਨ ਲਈ, ਲਘੂ ਤੱਤਾਂ ਦੀ ਘਾਟ ਦੀ ਪਹਿਚਾਣ ਅਤੇ ਉਪਚਾਰਾਂ ਬਾਰੇ ਕਿਸਾਨਾਂ ਨੂੰ ਸਮੇਂ ਸਿਰ ਜਾਗਰੂਕ ਕਰਨਾ ਲਾਜ਼ਮੀ ਹੈ ।**

ਵਿਵੇਕ ਸ਼ਰਮਾ, ਵਿੱਕੀ ਸਿੰਘ ਅਤੇ ਜਨਪ੍ਰੀਆ ਕੌਰ, ਭੂਮੀ ਵਿਗਿਆਨ ਕੇਂਦਰ, ਪੀ. ਏ. ਯੂ., ਲੁਧਿਆਣਾ (ਮੋ. 98769-17183)

## ਜ਼ਿੰਕ ਦੀ ਘਾਟ

ਸਰਵੇਖਣ ਅਨੁਸਾਰ ਪੰਜਾਬ ਦੀਆਂ ਮਿੱਟੀਆਂ ਵਿੱਚ ਜ਼ਿੰਕ ਦੀ ਘਾਟ ਦੀ ਮਾਤਰਾ 33.6% (2006) ਤੋਂ ਘੱਟ ਕੇ 11.2% (2020) ਰਹਿ ਗਈ ਹੈ । ਇਸ ਦਾ ਮੁੱਖ ਕਾਰਨ ਕਿਸਾਨਾਂ ਵਿੱਚ ਜਾਗਰੂਕਤਾ ਹੈ । ਜ਼ਿੰਕ ਫ਼ਸਲਾਂ ਦੇ ਵਾਧੇ ਅਤੇ ਵਿਕਾਸ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ, ਜੋ ਵੱਖ-ਵੱਖ ਐਂਜ਼ਾਈਮਾਂ ਦਾ ਹਿੱਸਾ ਹੁੰਦਾ ਹੈ ।

**ਨਿਸ਼ਾਨੀਆਂ** : ਝੋਨੇ ਦੀ ਪਨੀਰੀ ਲਾਉਣ ਤੋਂ 2-3 ਹਫਤਿਆਂ ਬਾਅਦ ਜ਼ਿੰਕ ਦੀ ਕਮੀ ਦੇ ਲੱਛਣ ਦਿਖਾਈ ਦਿੰਦੇ ਹਨ । ਬੂਟੇ ਮੱਧਰੇ ਰਹਿ ਜਾਂਦੇ ਹਨ ਅਤੇ ਬੂਟਾ ਜਾੜ ਬਹੁਤ ਘੱਟ ਮਾਰਦਾ ਹੈ । ਅਜਿਹੇ ਬੂਟਿਆਂ ਦੇ ਪੱਤੇ ਜੰਗਾਲੇ ਜਿਹੇ ਅਤੇ ਭੂਰੇ ਹੋ ਜਾਂਦੇ ਹਨ । ਪੱਤੇ ਦੀ ਵਿਚਕਾਰਲੀ ਨਾੜ ਦਾ ਰੰਗ ਬਦਲ ਜਾਂਦਾ ਹੈ ਅਤੇ ਬਾਅਦ ਵਿੱਚ ਪੱਤੇ ਸੁੱਕ ਜਾਂਦੇ ਹਨ ।

**ਇਲਾਜ** : ਜ਼ਿੰਕ ਦੀ ਘਾਟ ਪੂਰੀ ਕਰਨ ਲਈ ਕੱਦੂ ਕਰਨ ਸਮੇਂ 25 ਕਿਲੋ ਜ਼ਿੰਕ ਸਲਫੇਟ ਹੈਪਟਾਹਾਈਡਰੇਟ (21%) ਜਾਂ 16 ਕਿਲੋ ਜ਼ਿੰਕ ਸਲਫੇਟ ਮੋਨੋਹਾਈਡ੍ਰੇਟ (33%) ਪ੍ਰਤੀ ਏਕੜ ਦੇ ਹਿਸਾਬ ਨਾਲ ਖਿਲਾਰ ਦੇਣਾ ਚਾਹੀਦਾ ਹੈ । ਜੇਕਰ ਬੀਜੀ ਫ਼ਸਲ ਵਿੱਚ ਘਾਟ ਦੀਆਂ ਨਿਸ਼ਾਨੀਆਂ ਨਜ਼ਰ ਆਉਣ ਤਾਂ ਉਸ ਵੇਲੇ ਹੀ 10 ਕਿਲੋ ਜ਼ਿੰਕ ਸਲਫੇਟ ਹੈਪਟਾਹਾਈਡ੍ਰੇਟ ਜਾਂ 6.5 ਕਿਲੋ ਜ਼ਿੰਕ ਸਲਫੇਟ ਮੋਨੋਹਾਈਡ੍ਰੇਟ ਪ੍ਰਤੀ ਏਕੜ ਖੇਤ ਦੇ ਘਾਟ ਵਾਲੇ ਥਾਵਾਂ ਵਿੱਚ ਛੱਟੇ ਨਾਲ ਪਾ ਦਿਉ ।

## ਲੋਹੇ ਦੀ ਘਾਟ

ਪੰਜਾਬ ਦੀਆਂ ਜ਼ਮੀਨਾਂ ਵਿੱਚ ਲੋਹੇ ਦੀ ਘਾਟ 10-15% ਤੱਕ ਦੇਖੀ ਗਈ ਹੈ । ਲੋਹਾ ਪੌਦਿਆਂ ਵਿੱਚ ਕਲੋਰੋਫਿਲ ਦੇ ਸੰਸ਼ਲੇਸ਼ਣ ਲਈ ਜ਼ਰੂਰੀ ਭੂਮਿਕਾ ਨਿਭਾਉਂਦਾ ਹੈ, ਜਿਸ ਨਾਲ ਪ੍ਰਕਾਸ਼ ਸੰਸ਼ਲੇਸ਼ਣ ਸੰਭਵ ਹੁੰਦੀ ਹੈ ।

**ਨਿਸ਼ਾਨੀਆਂ** : ਜ਼ਿਆਦਾ ਰੇਤਲੀਆਂ ਜ਼ਮੀਨਾਂ ਵਿੱਚ ਜਿੱਥੇ ਪਾਣੀ ਦੀ ਘਾਟ ਹੋਵੇ, ਪਨੀਰੀ ਲਾਉਣ ਤੋਂ ਲਗਭਗ ਤਿੰਨ ਹਫਤਿਆਂ ਬਾਅਦ ਬੂਟੇ ਦੇ ਨਵੇਂ ਨਿਕਲ ਰਹੇ ਪੱਤੇ ਪੀਲੇ ਪੈ ਜਾਂਦੇ ਹਨ । ਇਸ ਨਾਲ ਬੂਟੇ ਮਰ ਜਾਂਦੇ ਹਨ ਅਤੇ ਕਈ ਵਾਰੀ ਸਾਰੀ ਦੀ ਸਾਰੀ ਫ਼ਸਲ ਹੀ ਤਬਾਹ ਹੋ ਜਾਂਦੀ ਹੈ ।

**ਇਲਾਜ** : ਜ਼ਿਆਦਾ ਰੇਤਲੀਆਂ ਜ਼ਮੀਨਾਂ ਵਿੱਚ ਜਿੱਥੇ ਪਾਣੀ ਦੀ ਘਾਟ ਹੋਵੇ, ਪਨੀਰੀ ਲਾਉਣ ਤੋਂ ਲਗਭਗ ਤਿੰਨ ਹਫਤਿਆਂ ਬਾਅਦ ਬੂਟੇ ਦੇ ਨਵੇਂ ਨਿਕਲ ਰਹੇ ਪੱਤੇ ਪੀਲੇ ਪੈ ਜਾਂਦੇ ਹਨ । ਇਸ ਨਾਲ ਬੂਟੇ ਮਰ ਜਾਂਦੇ ਹਨ ਅਤੇ ਕਈ ਵਾਰੀ ਸਾਰੀ ਦੀ ਸਾਰੀ ਫ਼ਸਲ ਹੀ ਤਬਾਹ ਹੋ ਜਾਂਦੀ ਹੈ ।

**ਇਲਾਜ** : ਪੀਲੇਪਨ ਦੀਆਂ ਨਿਸ਼ਾਨੀਆਂ ਨਜ਼ਰ ਆਉਣ 'ਤੇ ਛੇਤੀ-ਛੇਤੀ ਫ਼ਸਲ ਨੂੰ ਪਾਣੀ ਦਿਉ । ਇੱਕ ਹਫਤੇ ਦੀ ਵਿੱਥ ਰੱਖ ਕੇ ਇੱਕ ਪ੍ਰਤੀਸ਼ਤ ਲੋਹੇ ਦਾ ਛਿੜਕਾਅ ਪੱਤਿਆਂ ਉਪਰ ਕਰੋ । ਇਸ ਲਈ ਇੱਕ ਕਿਲੋ ਫੈਰਸ ਸਲਫੇਟ ਨੂੰ 100 ਲੀਟਰ ਪਾਣੀ ਵਿੱਚ ਮਿਲਾ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰੋ । ਅਜਿਹੇ 2-3 ਛਿੜਕਾਅ ਕਰਨ ਨਾਲ ਲੋਹੇ ਦੀ ਘਾਟ ਪੂਰੀ ਕੀਤੀ ਜਾ ਸਕਦੀ ਹੈ । ਇੱਥੇ ਧਿਆਨ ਯੋਗ ਗੱਲ ਇਹ ਹੈ ਕਿ ਲੋਹੇ ਦੀ ਜ਼ਮੀਨ ਰਾਹੀਂ ਪੂਰਤੀ ਅਸਰਦਾਰ ਨਹੀਂ ਹੈ ।

# ਝੋਨੇ ਦੇ ਖੇਤਾਂ ਵਿੱਚ ਆਉਣ ਵਾਲੀਆਂ ਆਮ ਸਮੱਸਿਆਵਾਂ ਦੇ ਸੌਖੇ ਹੱਲ

ਅਮਰਜੀਤ ਸਿੰਘ ਸੰਧੂ, ਨਵਨੀਤ ਕੌਰ ਅਤੇ ਪ੍ਰਿਤਪਾਲ ਸਿੰਘ, ਫਾਰਮ ਸਲਾਹਕਾਰ ਸੇਵਾ ਕੇਂਦਰ, ਬਠਿੰਡਾ (ਮੋ. 88722-00120)



**1. ਝੋਨੇ ਦੀ ਲੁਆਈ ਤੋਂ ਬਾਅਦ ਬੂਟਿਆਂ ਦਾ ਪੀਲੇ ਪੈਣਾ :** ਤਿੰਨ ਤਰ੍ਹਾਂ ਦੇ ਹਾਲਾਤਾਂ ਵਿੱਚ ਝੋਨੇ ਵਿੱਚ ਪੀਲੇਪਣ ਦੀ ਸਮੱਸਿਆ ਆ ਸਕਦੀ ਹੈ।

(ੳ) ਜ਼ਿਆਦਾ ਤਾਪਮਾਨ ਹੋਣ ਕਰਕੇ ਪਨੀਰੀ ਪੁੱਟ ਕੇ ਖੇਤ ਵਿੱਚ ਲੁਆਈ ਤੋਂ ਬਾਅਦ ਪੌਦਿਆਂ ਨੂੰ ਲੱਗੇ ਝਟਕੇ ਕਾਰਣ, ਖੁਰਾਕ ਅਤੇ ਪਾਣੀ ਸੋਖਣ ਦੀ ਸ਼ਕਤੀ ਘੱਟ ਹੋਣ ਕਰਕੇ ਪੌਦੇ ਪੀਲੇ ਪੈ ਸਕਦੇ ਹਨ। ਅਜਿਹੇ ਹਾਲਤਾਂ ਵਿੱਚ ਕਿਸੇ ਵੀ ਤਰ੍ਹਾਂ ਦੇ ਰਸਾਇਣ ਦੀ ਵਰਤੋਂ ਨਾ ਕੀਤੀ ਜਾਵੇ। ਪੌਦਿਆਂ ਦੀਆਂ ਜੜ੍ਹਾਂ ਵਿਕਸਿਤ ਹੋਣ ਤੋਂ ਬਾਅਦ ਹੌਲੀ-ਹੌਲੀ ਪੀਲਾਪਣ ਆਪਣੇ ਆਪ ਦੂਰ ਹੋ ਜਾਂਦਾ ਹੈ।

(ਅ) ਜੂਨ ਦੇ ਮਹੀਨੇ ਤਾਪਮਾਨ ਬਹੁਤ ਜ਼ਿਆਦਾ ਹੋਣ ਕਰਕੇ ਖੇਤ ਵਿੱਚ ਖੜ੍ਹਾ ਪਾਣੀ ਗਰਮ ਹੋਣ ਕਾਰਨ ਝੋਨੇ ਦੇ ਬੂਟੇ ਪੀਲੇ ਪੈ ਕੇ ਮੱਚਣ ਲੱਗ ਜਾਂਦੇ ਹਨ। ਇਸ ਲਈ ਸਿੰਚਾਈ ਕਰਨ ਲਈ ਸ਼ਾਮ ਦੇ ਸਮੇਂ ਨੂੰ ਤਰਜ਼ੀਹ ਦਿਉ।

(ੲ) ਝੋਨੇ ਦੀ ਸਿੱਧੀ ਬਿਜਾਈ ਅਤੇ ਪਨੀਰੀ ਲਾਉਣ ਤੋਂ ਕੁਝ ਦਿਨਾਂ ਬਾਅਦ ਵਿੱਚ ਜ਼ਿਆਦਾ ਰੇਤਲੀਆਂ ਜ਼ਮੀਨਾਂ ਵਿੱਚ ਜਿੱਥੇ ਪਾਣੀ ਦੀ ਘਾਟ ਹੋਵੇ, ਅਕਸਰ ਹੀ ਲੋਹੇ ਦੀ ਘਾਟ ਦੇਖਣ ਵਿੱਚ ਆਉਂਦੀ ਹੈ, ਜਿਸ ਨਾਲ ਬੂਟੇ ਦੇ ਨਵੇਂ ਨਿਕਲ ਰਹੇ ਪੱਤੇ ਪੀਲੇ ਪੈ ਕੇ ਮਰ ਜਾਂਦੇ ਹਨ। ਜਦੋਂ ਅਜਿਹੇ ਪੀਲੇਪਨ ਦੀਆਂ ਨਿਸ਼ਾਨੀਆਂ ਨਜ਼ਰ ਆਉਣ ਤਾਂ ਛੇਤੀ-ਛੇਤੀ ਭਰਵੇਂ ਪਾਣੀ ਫ਼ਸਲ ਨੂੰ ਦਿਉ। ਹਫ਼ਤੇ ਦੇ ਵਕਫੇ 'ਤੇ 1% ਫੈਰਸ ਸਲਫੇਟ (1 ਕਿਲੋ ਫੈਰਸ ਸਲਫੇਟ 100 ਲੀਟਰ ਪਾਣੀ ਵਿੱਚ ਘੋਲ ਕੇ) ਫ਼ਸਲ ਉੱਪਰ 2-3 ਛਿੜਕਾਅ ਕਰੋ। ਲੋਹੇ ਦੀ ਜ਼ਮੀਨ ਰਾਹੀਂ ਪੂਰਤੀ ਅਸਰਦਾਰ ਨਹੀਂ ਹੈ।



**2. ਮਾੜੇ ਪਾਣੀ ਦਾ ਅਸਰ :** ਪੰਜਾਬ ਦੇ ਤਕਰੀਬਨ 42% ਰਕਬੇ ਹੇਠ ਧਰਤੀ ਹੇਠਲਾ ਪਾਣੀ ਮਾੜਾ ਹੈ, ਜਿਸ ਵਿੱਚ ਲੂਣਾਂ ਦੀ ਮਾਤਰਾ ਜ਼ਿਆਦਾ ਹੈ। ਲਗਾਤਾਰ ਧਰਤੀ ਹੇਠਲੇ ਮਾੜੇ ਪਾਣੀ ਨੂੰ ਜ਼ਮੀਨ ਵਿੱਚੋਂ ਕੱਢ ਕੇ ਲਾਉਣ ਨਾਲ ਝੋਨੇ ਦੇ ਬੂਟੇ ਸੜਨ ਲੱਗ ਜਾਂਦੇ ਹਨ, ਬੂਟੇ ਦਾ ਵਾਧਾ-ਵਿਕਾਸ ਰੁੱਕ ਜਾਂਦਾ ਹੈ ਅਤੇ ਪੱਤਿਆਂ ਦੀਆਂ ਨੋਕਾਂ ਸੜਨ ਲੱਗ ਜਾਂਦੀਆਂ ਹਨ। ਇਸ ਤੋਂ ਇਲਾਵਾ ਜਿਨ੍ਹਾਂ ਜ਼ਮੀਨਾਂ ਉਪਰ ਵਾਰ-ਵਾਰ ਮਾੜਾ ਪਾਣੀ ਲੱਗਦਾ ਹੈ, ਉਥੇ ਮਿੱਟੀ ਦੀ ਸਿਹਤ ਉੱਤੇ ਮਾੜਾ ਅਸਰ ਪੈਂਦਾ ਹੈ। ਇਹਨਾਂ ਜ਼ਮੀਨਾਂ ਉੱਪਰ ਸਿੰਚਾਈ ਲਈ ਨਹਿਰੀ ਪਾਣੀ ਨੂੰ ਤਰਜ਼ੀਹ ਦਿਉ। ਜਦੋਂ ਨਹਿਰੀ ਪਾਣੀ ਦੀ ਘਾਟ ਹੋਵੇ ਤਾਂ ਮਾੜਾ ਪਾਣੀ ਚੰਗੇ ਪਾਣੀ ਦੀ ਕਮੀ ਨੂੰ ਪੂਰਾ ਕਰਨ ਲਈ ਵਰਤੋ। ਮਾੜਾ ਪਾਣੀ ਅਤੇ ਚੰਗਾ ਪਾਣੀ ਮਿਲ ਕੇ ਵੀ ਵਰਤਿਆ ਜਾ ਸਕਦਾ ਹੈ। ਫ਼ਸਲ ਦੇ ਸ਼ੁਰੂ ਵਿੱਚ ਚੰਗਾ ਪਾਣੀ ਵਰਤਣਾ ਚਾਹੀਦਾ ਹੈ ਅਤੇ ਫ਼ਸਲ ਦੇ ਵਧਣ ਸਮੇਂ ਮਾੜੇ ਪਾਣੀ ਦੀ ਕੀਤੀ ਵਰਤੋਂ ਵੀ ਫ਼ਸਲ ਦਾ ਜ਼ਿਆਦਾ ਨੁਕਸਾਨ ਨਹੀਂ ਕਰਦੀ।

**3. ਤੱਤਾਂ ਦੀ ਘਾਟ ਅਤੇ ਨਦੀਨਾਂ ਦਾ ਜੰਮਣਾ :** ਝੋਨੇ ਵਿੱਚ ਜ਼ਿੰਕ ਦੀ ਘਾਟ ਆਉਣ 'ਤੇ ਬੂਟੇ ਮੱਧਰੇ ਰਹਿ ਜਾਂਦੇ ਹਨ ਅਤੇ ਬੂਟਾ ਜਾੜ ਬਹੁਤ ਘੱਟ ਮਾਰਦਾ ਹੈ। ਅਜਿਹੇ ਬੂਟਿਆਂ ਦੇ ਪੱਤੇ ਜੰਗਾਲੇ ਜਿਹੇ ਅਤੇ ਭੂਰੇ ਹੋ ਜਾਂਦੇ ਹਨ। ਪੱਤੇ ਦੀ ਵਿਚਕਾਰਲੀ ਨਾੜ ਦਾ ਰੰਗ ਬਦਲ ਜਾਂਦਾ ਹੈ ਅਤੇ ਬਾਅਦ ਵਿੱਚ ਪੱਤੇ ਸੁੱਕ ਜਾਂਦੇ ਹਨ। ਜ਼ਿੰਕ ਦੀ ਪੂਰਤੀ ਲਈ 25 ਕਿਲੋ ਜ਼ਿੰਕ ਸਲਫੇਟ ਹੈਪਟਾਹਾਈਡਰੇਟ (21% ਜ਼ਿੰਕ) ਜਾਂ 16 ਕਿਲੋ ਜ਼ਿੰਕ ਸਲਫੇਟ ਮੋਨੋਹਾਈਡ੍ਰੇਟ (33% ਜ਼ਿੰਕ) ਪ੍ਰਤੀ ਏਕੜ ਦੇ ਹਿਸਾਬ ਨਾਲ ਛੱਟਾ ਦੇਣਾ ਚਾਹੀਦਾ ਹੈ। ਜੇਕਰ ਬੀਜੀ ਫ਼ਸਲ ਵਿੱਚ ਇਹ ਨਿਸ਼ਾਨੀਆਂ ਨਜ਼ਰ ਆਉਣ ਤਾਂ ਉਸ ਵੇਲੇ ਹੀ ਜ਼ਿੰਕ ਸਲਫੇਟ ਖੇਤ ਵਿੱਚ ਛੱਟੇ ਨਾਲ ਪਾ ਦਿਉ। ਬਹੁਤ ਮਾੜੀਆਂ ਜ਼ਮੀਨਾਂ ਵਿੱਚ ਜ਼ਿੰਕ ਸਲਫੇਟ ਦੀ ਵਰਤੋਂ ਦੇ ਬਾਵਜੂਦ ਵੀ ਜ਼ਿੰਕ ਦੀ ਘਾਟ ਧੌੜੀਆਂ ਵਿੱਚ ਨਜ਼ਰ ਆਉਂਦੀ ਹੈ। ਅਜਿਹੀ ਹਾਲਤ ਵਿੱਚ 10 ਕਿਲੋ ਜ਼ਿੰਕ ਸਲਫੇਟ ਹੈਪਟਾਹਾਈਡ੍ਰੇਟ (21% ਜ਼ਿੰਕ) ਜਾਂ 6.5 ਕਿਲੋ ਜ਼ਿੰਕ ਸਲਫੇਟ ਮੋਨੋਹਾਈਡ੍ਰੇਟ (33% ਜ਼ਿੰਕ) ਨੂੰ ਏਨੀ ਹੀ ਸੁੱਕੀ ਮਿੱਟੀ ਵਿੱਚ ਰਲਾ ਕੇ ਘਾਟ ਵਾਲੀਆਂ ਥਾਂਵਾਂ ਵਿੱਚ ਖਿਲਾਰ ਦੇਣਾ ਚਾਹੀਦਾ ਹੈ।

ਨਦੀਨ ਖੁਰਾਕੀ ਤੱਤਾਂ, ਪਾਣੀ, ਜਗ੍ਹਾ ਅਤੇ ਸੂਰਜੀ ਰੌਸ਼ਨੀ ਲਈ ਫ਼ਸਲ ਨਾਲ ਮੁਕਾਬਲਾ ਕਰਦੇ ਹਨ, ਜਿਸ ਨਾਲ ਫ਼ਸਲ 'ਤੇ ਮਾੜਾ ਅਸਰ ਪੈਂਦਾ ਹੈ। ਸਵਾਂਕ, ਸਵਾਂਕੀ, ਮੋਥੇ, ਚੀਨੀ (ਘੋੜਾ) ਘਾਹ, ਗੁੜਤ ਮਧਾਣਾ ਅਤੇ ਕੁਝ ਚੌੜੇ ਪੱਤੇ ਵਾਲੇ ਨਦੀਨ ਝੋਨੇ ਦੇ ਮੁੱਖ ਨਦੀਨ ਹਨ। ਨਦੀਨ-ਨਾਸ਼ਕ ਦੀ ਚੋਣ ਕਰਨ ਸਮੇਂ ਨਦੀਨ ਦੀ ਪਛਾਣ ਜ਼ਰੂਰੀ ਹੈ। ਨਦੀਨ ਉੱਗਣ ਤੋਂ ਬਾਅਦ ਜੇ ਨਦੀਨ-ਨਾਸ਼ਕ ਦੀ ਸਪਰੇਅ ਕਰਨੀ ਹੋਵੇ ਤਾਂ ਇਹ ਧਿਆਨ ਰੱਖਿਆ ਜਾਵੇ ਕਿ ਨਦੀਨ 2-3 ਪੱਤਿਆਂ ਦੀ ਅਵਸਥਾ 'ਤੇ ਹੋਵੇ ਅਤੇ ਸਪਰੇਅ ਸਵੇਰੇ ਜਾਂ ਸ਼ਾਮ ਨੂੰ ਹੀ ਕੀਤੀ ਜਾਵੇ।

# ਤਿਲਾਂ ਦੀ ਕਾਸ਼ਤ ਲਈ ਜ਼ਰੂਰੀ ਨੁਕਤੇ

**ਸਰਦੀਆਂ ਵਿੱਚ ਅਸੀਂ ਤਿਲਾਂ ਦਾ ਇਸਤੇਮਾਲ ਵੱਡੇ ਪੈਮਾਨੇ 'ਤੇ ਕਰਦੇ ਹਾਂ। ਜਿੱਥੇ ਤਿਲ ਤਰ੍ਹਾਂ-ਤਰ੍ਹਾਂ ਦੀਆਂ ਮਠਿਆਈਆਂ ਦਾ ਸਵਾਦ ਵਧਾਉਂਦੇ ਹਨ, ਉਥੇ ਹੀ ਇਹ ਸਾਨੂੰ ਊਰਜਾ ਵੀ ਦਿੰਦੇ ਹਨ। ਤੇਲ ਕੱਢਣ ਤੋਂ ਬਾਅਦ ਬਚੀ ਹੋਈ ਖਲ ਪਸ਼ੂਆਂ ਦੇ ਚਾਰੇ ਵਜੋਂ ਵਰਤੀ ਜਾਂਦੀ ਹੈ। ਤਿਲਾਂ ਦੀ ਖੇਤੀ ਦਾ ਫ਼ਸਲੀ ਵਿਭਿੰਨਤਾ ਅਤੇ ਕੁਦਰਤੀ ਸਰੋਤਾਂ ਨੂੰ ਬਚਾਉਣ ਵਿੱਚ ਵੀ ਚੰਗਾ ਯੋਗਦਾਨ ਹੈ। ਇਸ ਲੇਖ ਵਿੱਚ ਤਿਲਾਂ ਦੀ ਖੇਤੀ ਲਈ ਕੁਝ ਕੀਮਤੀ ਸੁਝਾਅ ਸਾਂਝੇ ਕੀਤੇ ਗਏ ਹਨ, ਜਿਨ੍ਹਾਂ ਨੂੰ ਅਪਣਾ ਕੇ ਕਿਸਾਨ ਭਰਾ ਚੰਗਾ ਝਾੜ ਲੈ ਸਕਦੇ ਹਨ।**

ਏ. ਕੇ. ਤੂਰ ਅਤੇ ਆਰ. ਐਸ. ਬੱਲ, ਖੇਤਰੀ ਖੋਜ ਕੇਂਦਰ, ਗੁਰਦਾਸਪੁਰ (ਮੋ. 81467-42651)

**ਬਿਜਾਈ ਦਾ ਸਮਾਂ :** ਇਸ ਦੀ ਬਿਜਾਈ ਜੁਲਾਈ ਦੇ ਪਹਿਲੇ ਪੰਦਰਵਾੜੇ ਵਿੱਚ ਰੌਣੀ ਤੋਂ ਬਾਅਦ ਜਾਂ ਮੌਨਸੂਨ ਸ਼ੁਰੂ ਹੋਣ 'ਤੇ ਕਰੋ। ਅਗੇਤੀ ਬਿਜਾਈ ਤੋਂ ਗੁਰੇਜ ਕਰਨਾ ਚਾਹੀਦਾ ਹੈ, ਕਿਉਂਕਿ ਫ਼ਸਲ ਵਿਸ਼ਾਣੂ ਰੋਗ, ਫਾਇਲੋਡੀ (ਫੁੱਲਾਂ ਦਾ ਰੋਗ) ਦਾ ਸ਼ਿਕਾਰ ਹੋ ਜਾਂਦੀ ਹੈ।

**ਕਿਸਮਾਂ :** ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਵੱਲੋਂ ਪੰਜਾਬ ਵਿੱਚ ਤਿਲਾਂ ਦੀਆਂ ਦੋ ਕਿਸਮਾਂ ਪੰਜਾਬ ਤਿਲ ਨੰ. 2 ਅਤੇ ਆਰ. ਟੀ.-346 ਸਿਫਾਰਿਸ਼ ਕੀਤੀਆਂ ਗਈਆਂ ਹਨ। ਇਹਨਾਂ ਦੋਹਾਂ ਕਿਸਮਾਂ ਦੇ ਬੂਟਿਆਂ ਨੂੰ ਭਰਪੂਰ ਸ਼ਾਖਾਵਾਂ ਫੁੱਟਦੀਆਂ ਹਨ ਅਤੇ ਲੰਬੀਆਂ ਤੇ ਲੂੰ ਰਹਿਤ ਫਲੀਆਂ ਲੱਗਦੀਆਂ ਹਨ। ਪੰਜਾਬ ਤਿਲ ਨੰ. 2 ਕਿਸਮ ਵਿੱਚ ਇਹ ਫਲੀਆਂ ਆਹਮਣੇ-ਸਾਹਮਣੇ ਲੱਗਦੀਆਂ ਹਨ, ਜਦੋਂ ਕਿ ਆਰ. ਟੀ.-346 ਵਿੱਚ ਫਲੀਆਂ ਇੱਕ-ਇੱਕ ਛੱਡ ਕੇ ਲੱਗਦੀਆਂ ਹਨ। ਦੋਹਾਂ ਕਿਸਮਾਂ ਦੇ ਬੀਜ ਚਿੱਟੇ ਅਤੇ ਮੋਟੇ ਹੁੰਦੇ ਹਨ, ਜਿਨ੍ਹਾਂ ਵਿੱਚ ਤੇਲ ਦੀ ਮਾਤਰਾ ਲਗਭਗ 49 ਪ੍ਰਤੀਸ਼ਤ ਹੁੰਦੀ ਹੈ। ਬੀਜ ਖਾਣ ਵਿੱਚ ਨਰਮ ਅਤੇ ਸੁਆਦ ਹੁੰਦੇ ਹਨ। ਪੰਜਾਬ ਤਿਲ ਨੰ. 2 ਉੱਪਰੇ ਤਿਲਾਂ ਦੇ ਫੁੱਲਾਂ ਦਾ ਰੋਗ (ਫਾਇਲੋਡੀ) ਅਤੇ ਝੁਲਸ ਰੋਗ ਘੱਟ ਲੱਗਦੇ ਹਨ। ਇਹ ਕਿਸਮ 90 ਦਿਨਾਂ ਵਿੱਚ ਪੱਕ ਜਾਂਦੀ ਹੈ ਅਤੇ ਇਸ ਦਾ



ਔਸਤ ਝਾੜ 2.8 ਕੁਇੰਟਲ ਪ੍ਰਤੀ ਏਕੜ ਹੈ। ਇਸੇ ਤਰ੍ਹਾਂ ਆਰ. ਟੀ.-346 ਕਿਸਮ ਉੱਤੇ ਫਲੀ ਤੇ ਗੜੂੰਏਂ ਦਾ ਹਮਲਾ ਘੱਟ ਹੁੰਦਾ ਹੈ। ਇਹ 87 ਦਿਨਾਂ ਵਿੱਚ ਪੱਕ ਜਾਂਦੀ ਹੈ ਅਤੇ ਇਸ ਦਾ ਔਸਤ ਝਾੜ 2.6 ਕੁਇੰਟਲ ਪ੍ਰਤੀ ਏਕੜ ਹੈ।

**ਕਾਸ਼ਤ ਦੇ ਢੰਗ :** ਤਿਲ ਦੀ ਫ਼ਸਲ ਚੰਗੇ ਜਲ ਨਿਕਾਸ ਵਾਲੀ ਰੇਤਲੀ ਮੈਰਾ ਜ਼ਮੀਨ ਵਿੱਚ ਚੰਗੀ ਹੁੰਦੀ ਹੈ। ਬਿਜਾਈ ਤੋਂ ਪਹਿਲਾਂ ਖੇਤ ਨੂੰ ਦੋ ਜਾਂ ਤਿੰਨ ਵਾਰ ਵਾਹ ਕੇ ਸੁਹਾਗਾ ਮਾਰ ਦਿਉ।

**ਖਾਦਾਂ ਦੀ ਵਰਤੋਂ :** ਬਿਜਾਈ ਤੋਂ ਪਹਿਲਾਂ 45 ਕਿਲੋ ਯੂਰੀਆ ਪ੍ਰਤੀ ਏਕੜ ਦੇ ਹਿਸਾਬ ਨਾਲ ਪਾਉ। ਜ਼ਿਆਦਾ ਖਾਦ ਦੀ ਵਰਤੋਂ ਨਾ ਕਰੋ, ਕਿਉਂਕਿ ਇਸ ਨਾਲ ਫ਼ਸਲ ਦਾ ਸਿਰਫ ਫੈਲਾਅ ਹੀ ਵਧਦਾ ਹੈ।

**ਬੀਜ ਦੀ ਮਾਤਰਾ ਅਤੇ ਬਿਜਾਈ ਦਾ ਢੰਗ :** ਇੱਕ ਏਕੜ ਦੀ ਬਿਜਾਈ ਲਈ ਇੱਕ ਕਿਲੋ ਬੀਜ ਕਾਫ਼ੀ ਹੁੰਦਾ ਹੈ। ਤਿਲਾਂ ਦੀ ਬਿਜਾਈ 30 ਸੈਂਟੀਮੀਟਰ ਦੀ ਵਿੱਥ 'ਤੇ ਲਾਈਨਾਂ ਵਿੱਚ ਕਰੋ ਅਤੇ ਬੂਟੇ ਤੋਂ ਬੂਟੇ ਦਾ ਫਾਸਲਾ 15 ਸੈਂਟੀਮੀਟਰ ਰੱਖੋ। ਪੋਰੇ ਜਾਂ ਡਰਿੱਲ ਨਾਲ ਬਿਜਾਈ 4 ਤੋਂ 5 ਸੈਂਟੀਮੀਟਰ ਡੂੰਘੀ ਕਰੋ। ਫ਼ਸਲ ਉੱਗਣ ਦੇ ਹਫਤੇ ਬਾਅਦ ਬੂਟੇ ਵਿਰਲੇ ਕਰ ਦਿਉ।

**ਨਦੀਨਾਂ ਦੀ ਰੋਕਥਾਮ :** ਜੇਕਰ ਨਦੀਨ ਉੱਗ ਜਾਣ ਤਾਂ ਬਿਜਾਈ ਤੋਂ 3 ਹਫਤਿਆਂ ਪਿੱਛੋਂ ਨਦੀਨਾਂ ਦੀ ਰੋਕਥਾਮ ਲਈ ਇੱਕ ਗੋਡੀ ਕਰੋ।

ਇਸ ਫ਼ਸਲ ਨੂੰ ਵੇਲੇ ਸਿਰ ਵੱਢਣਾ ਬਹੁਤ ਜ਼ਰੂਰੀ ਹੈ, ਨਹੀਂ ਤਾਂ ਤਿਲ ਝੜਨ ਦਾ ਡਰ ਰਹਿੰਦਾ ਹੈ। ਜਦੋਂ ਫ਼ਸਲ ਪੱਕਣ 'ਤੇ ਆਉਂਦੀ ਹੈ ਤਾਂ ਪੌਦੇ ਪੀਲੇ ਪੈ ਜਾਂਦੇ ਹਨ। ਇਹਨੂੰ ਵੱਢ ਕੇ ਨਿੱਕੇ-ਨਿੱਕੇ ਪੂਲੇ ਬਣਾ ਕੇ ਸਿੱਧੇ ਖੜ੍ਹੇ ਕਰੋ। ਪੂਲਿਆਂ ਨੂੰ ਸੁਕਾ ਕੇ ਦੋ ਝੜਾਈਆਂ ਨਾਲ ਸਾਰੇ ਤਿਲ ਨਿਕਲ ਆਉਂਦੇ ਹਨ।

# ਝੋਨੇ ਅਤੇ ਬਾਸਮਤੀ ਵਿੱਚ ਸਿਫਾਰਿਸ਼ ਅਨੁਸਾਰ ਹੀ ਜ਼ਿੰਕ ਦੀ ਮਾਤਰਾ ਪਾਉ



ਅਸ਼ੋਕ ਕੁਮਾਰ ਗਰਗ ਅਤੇ ਗੁਰਪ੍ਰੀਤ ਸਿੰਘ,
ਪੀ. ਏ. ਯੂ. ਫਾਰਮ ਸਲਾਹਕਾਰ ਸੇਵਾ ਕੇਂਦਰ, ਸੰਗਰੂਰ ਅਤੇ ਪਟਿਆਲਾ (ਮੋ. 950 18-55223)

ਝੋਨਾ ਪੰਜਾਬ ਵਿੱਚ ਸਾਉਣੀ ਦੀਆਂ ਪ੍ਰਮੁੱਖ ਫ਼ਸਲਾਂ ਵਿੱਚੋਂ ਇੱਕ ਹੈ ਅਤੇ ਹਰ ਸਾਲ ਝੋਨੇ ਹੇਠ ਰਕਬਾ ਵਧਦਾ ਜਾ ਰਿਹਾ ਹੈ । ਸਾਲ 2023-2024 ਦੌਰਾਨ ਸੂਬੇ ਵਿੱਚ ਲਗਭਗ 79.48 ਲੱਖ ਏਕੜ ਰਕਬੇ 'ਤੇ ਝੋਨੇ ਦੀ ਕਾਸ਼ਤ ਕੀਤੀ ਗਈ, ਕਿਉਂਕਿ ਝੋਨਾ ਇੱਕ ਵੱਧ ਝਾੜ ਦੇਣ ਵਾਲੀ ਫ਼ਸਲ ਹੈ, ਇਸ ਕਰਕੇ ਇਹ ਜ਼ਮੀਨ ਵਿੱਚੋਂ ਖੁਰਾਕੀ ਤੱਤਾਂ ਦੀ ਇੱਕ ਵੱਡੀ ਮਾਤਰਾ ਕੱਢ ਲੈਂਦਾ ਹੈ। ਜੇਕਰ ਘਾਟ ਵਾਲੇ ਤੱਤਾਂ ਦੀ ਸਹੀ ਸਮੇਂ 'ਤੇ ਪੂਰਤੀ ਨਾ ਕੀਤੀ ਜਾਵੇ ਤਾਂ ਫ਼ਸਲ ਦਾ ਝਾੜ ਘੱਟ ਸਕਦਾ ਹੈ। ਝੋਨੇ ਦੀ ਕਾਸ਼ਤ ਵਿੱਚ ਯੂਰੀਏ ਤੋਂ ਇਲਾਵਾ ਜ਼ਿੰਕ ਇੱਕ ਅਹਿਮ ਖੁਰਾਕੀ ਤੱਤ ਹੈ । ਜ਼ਿੰਕ ਦੀ ਘਾਟ ਆਮ ਤੌਰ 'ਤੇ ਹੇਠ ਲਿਖੀਆਂ ਜ਼ਮੀਨਾਂ/ਸਥਿਤੀਆਂ ਵਿੱਚ ਪਾਈ ਜਾਂਦੀ ਹੈ ।

(ੳ) ਘੱਟ ਜੈਵਿਕ ਕਾਰਬਨ ਵਾਲੀਆਂ ਰੇਤਲੀਆਂ ਜ਼ਮੀਨਾਂ ਵਿੱਚ ।

(ਅ) ਜ਼ਿਆਦਾ ਖਾਰੀਆਂ ਤੇ ਵੱਧ ਕੈਲਸ਼ੀਅਮ ਕਾਰਬੋਨੇਟ ਵਾਲੀਆਂ ਜ਼ਮੀਨਾਂ ਵਿੱਚ ।

(ੲ) ਵੱਧ ਫਾਸਫੋਰਸ ਵਾਲੀਆਂ ਜ਼ਮੀਨਾਂ ਵਿੱਚ ।



(ਸ) ਪਾਣੀ ਵਿੱਚ ਡੁੱਬੀਆਂ ਹੋਈਆਂ ਜ਼ਮੀਨਾਂ ਵਿੱਚ ।

(ਹ) ਖਾਰੇ ਪਾਣੀ ਨਾਲ ਸਿੰਚਾਈ ਵਾਲੀਆਂ ਜ਼ਮੀਨਾਂ ਵਿੱਚ ।

ਜ਼ਿੰਕ ਦੀ ਘਾਟ ਨਾਲ ਨਜਿੱਠਣ ਵਿੱਚ ਲਾਪਰਵਾਹੀ ਜਾਂ ਅਣਗਹਿਲੀ ਨਾਲ ਫ਼ਸਲ ਦੇ ਝਾੜ ਵਿੱਚ ਕਾਫ਼ੀ ਨੁਕਸਾਨ ਹੋਣ ਦਾ ਡਰ ਹੁੰਦਾ ਹੈ । ਫ਼ਸਲ ਨੂੰ ਗੰਭੀਰ ਨੁਕਸਾਨ ਤੋਂ ਬਚਾਉਣ ਲਈ ਸਮੇਂ ਸਿਰ ਢੁਕਵੇਂ ਉਪਾਅ ਕਰਨ ਲਈ ਜ਼ਿੰਕ ਦੀ ਘਾਟ ਦੇ ਕਾਰਨ, ਲੱਛਣਾਂ ਅਤੇ ਇਲਾਜ ਦੇ ਢੰਗ ਤੋਂ ਜਾਣੂ ਹੋਣਾ ਬਹੁਤ ਜ਼ਰੂਰੀ ਹੈ, ਜਿਨ੍ਹਾਂ ਦੀ ਵਿਸਥਾਰਪੂਰਵਕ ਜਾਣਕਾਰੀ ਹੇਠਾਂ ਦਿੱਤੀ ਹੈ :-

> **ਝੋਨਾ ਇੱਕ ਵੱਧ ਝਾੜ ਦੇਣ ਵਾਲੀ ਫ਼ਸਲ ਹੈ, ਇਸ ਕਰਕੇ ਇਹ ਜ਼ਮੀਨ ਵਿੱਚੋਂ ਖੁਰਾਕੀ ਤੱਤਾਂ ਦੀ ਇੱਕ ਵੱਡੀ ਮਾਤਰਾ ਕੱਢ ਲੈਂਦਾ ਹੈ । ਜੇਕਰ ਘਾਟ ਵਾਲੇ ਤੱਤਾਂ ਦੀ ਸਹੀ ਸਮੇਂ 'ਤੇ ਪੂਰਤੀ ਨਾ ਕੀਤੀ ਜਾਵੇ ਤਾਂ ਫ਼ਸਲ ਦਾ ਝਾੜ ਘੱਟ ਸਕਦਾ ਹੈ । ਝੋਨੇ ਦੀ ਕਾਸ਼ਤ ਵਿੱਚ ਯੂਰੀਏ ਤੋਂ ਇਲਾਵਾ ਜ਼ਿੰਕ ਇੱਕ ਅਹਿਮ ਖੁਰਾਕੀ ਤੱਤ ਹੈ ।**

**ਜ਼ਿੰਕ ਦੀ ਘਾਟ ਦੇ ਕਾਰਨ :** ਆਮ ਤੌਰ 'ਤੇ ਮਿੱਟੀ ਵਿੱਚ ਜ਼ਿੰਕ ਦੀ ਘੱਟ ਮਾਤਰਾ ਜੇਕਰ 0.6 ਕਿਲੋ ਪ੍ਰਤੀ ਏਕੜ ਤੋਂ ਘੱਟ ਹੋਵੇ ਜਾਂ ਮਿੱਟੀ ਵਿੱਚ ਉਪਲੱਬਧ ਜ਼ਿੰਕ ਦਾ ਗੈਰ-ਉਪਲੱਬਧ ਜਾਂ ਅਘੁਲਣਸ਼ੀਲ ਰੂਪਾਂ ਵਿਚ ਬਦਲ ਜਾਣਾ, ਇਸ ਦੀ ਘਾਟ ਲਈ ਜ਼ਿੰਮੇਵਾਰ ਹੁੰਦਾ ਹੈ । ਕਈ ਵਾਰ ਜ਼ਿੰਕ 'ਤੇ ਫਾਸਫੋਰਸ ਤੱਤ ਦੀ ਵੱਧ ਮਾਤਰਾ ਅਤੇ ਕਾਰਬੋਨੇਟਸ ਦਾ ਵਿਰੋਧੀ ਪ੍ਰਭਾਵ ਇਸ ਤੱਤ ਦੀ ਉਪਲੱਬਧਤਾ ਨੂੰ ਘਟਾ ਦਿੰਦਾ ਹੈ । ਇਸੇ ਕਰਕੇ ਕਿਸਾਨਾਂ ਨੂੰ ਡੀ. ਏ. ਪੀ. ਅਤੇ ਜ਼ਿੰਕ ਵਾਲੀਆਂ ਖਾਦਾਂ ਨੂੰ ਨਾ ਰਲਾਉਣ ਦੀ ਸਲਾਹ ਦਿੱਤੀ ਜਾਂਦੀ ਹੈ ।

**ਜ਼ਿੰਕ ਦੀ ਘਾਟ ਦੇ ਲੱਛਣਾਂ ਦੀ ਪਛਾਣ :** ਜ਼ਿੰਕ ਦੀ ਕਮੀ ਦੇ ਲੱਛਣ ਸਭ ਤੋਂ ਪਹਿਲਾਂ ਹੇਠਲੇ ਪੱਤਿਆਂ 'ਤੇ ਅੰਦਰੂਨੀ ਖੇਤਰ ਵਿੱਚ ਹਲਕੇ-ਪੀਲੇ ਧੱਬਿਆਂ ਦੇ ਰੂਪ ਵਿੱਚ ਦਿਖਾਈ ਦਿੰਦੇ ਹਨ । ਇਨ੍ਹਾਂ ਧੱਬਿਆਂ ਦਾ ਰੰਗ ਜਲਦੀ ਹੀ ਪੀਲੇ ਭੂਰੇ ਵਿੱਚ ਬਦਲ ਜਾਂਦਾ ਹੈ ਅਤੇ ਪ੍ਰਭਾਵਿਤ ਪੱਤੇ ਹਲਕੇ ਪੀਲੇ ਭੂਰੇ ਦਿਖਾਈ ਦਿੰਦੇ ਹਨ । ਬਾਅਦ ਵੱਚ ਇਹ ਧੱਬੇ ਵੱਡੇ ਹੋ ਜਾਂਦੇ ਹਨ ਅਤੇ ਪੱਤੇ ਨੂੰ ਲਾਲ ਭੂਰੇ ਜਾਂ ਜੰਗਾਲ ਵਾਲੀ ਦਿੱਖ ਦੇਣ ਲਈ ਇਕੱਠੇ ਹੋ ਜਾਂਦੇ ਹਨ । ਗੰਭੀਰ ਘਾਟ ਦੀਆਂ ਸਥਿਤੀਆਂ ਵਿੱਚ ਪੂਰਾ ਬੂਟਾ ਜੰਗਾਲਿਆ ਦਿਖਾਈ ਦਿੰਦਾ ਹੈ । ਪ੍ਰਭਾਵਿਤ ਪੱਤੇ ਸੁੱਕ ਜਾਂਦੇ ਹਨ ਅਤੇ ਅੰਤ ਵਿੱਚ ਮਰ ਜਾਂਦੇ ਹਨ । ਬੂਟਿਆਂ ਦੇ ਅੱਗੇ ਵਧਣ ਵਿੱਚ ਰੁਕਾਵਟ ਆਉਂਦੀ ਹੈ, ਬੂਟੇ ਮੱਧਰੇ ਰਹਿ ਜਾਂਦੇ ਹਨ ਅਤੇ ਝਾੜੀਦਾਰ ਦਿੱਖ ਦਿੰਦੇ ਹਨ ।

**ਜ਼ਿੰਕ ਦੀ ਘਾਟ ਦਾ ਇਲਾਜ :** ਜ਼ਿੰਕ ਦੀ ਘਾਟ ਪੂਰੀ ਕਰਨ ਲਈ ਕੱਦੂ ਕਰਨ ਸਮੇਂ 25 ਕਿਲੋ ਹੈਪਟਾਹਾਈਡਰੇਟ ਜ਼ਿੰਕ ਸਲਫੇਟ (21% ਜ਼ਿੰਕ) ਜਾਂ 16 ਕਿਲੋ ਮੋਨੋਹਾਈਡਰੇਟ ਜ਼ਿੰਕ ਸਲਫੇਟ (33% ਜ਼ਿੰਕ) ਪ੍ਰਤੀ ਏਕੜ ਦੇ ਹਿਸਾਬ ਨਾਲ ਖਿਲਾਰ ਦੇਣਾ ਚਾਹੀਦਾ ਹੈ । ਗੰਭੀਰ ਹਾਲਤ ਅਧੀਨ ਮਿੱਟੀ ਵਿੱਚ ਜ਼ਿੰਕ ਦੀ ਵਰਤੋਂ ਦੇ ਨਾਲ-ਨਾਲ ਹੈਪਟਾਹਾਈਡਰੇਟ ਜ਼ਿੰਕ ਸਲਫੇਟ ਦੇ 0.5% ਦਾ ਘੋਲ (500 ਗ੍ਰਾਮ/ 100 ਲੀਟਰ ਪਾਣੀ) ਜਾਂ 0.4% ਮੋਨੋਹਾਈਡਰੇਟ ਜ਼ਿੰਕ ਸਲਫੇਟ ਦੇ ਘੋਲ (400 ਗ੍ਰਾਮ/ 100 ਲੀਟਰ ਪਾਣੀ) ਬਣਾ ਕੇ ਛਿੜਕਾਅ ਵੀ ਕੀਤਾ ਜਾ ਸਕਦਾ ਹੈ ।

ਇਹ ਆਮ ਦੇਖਣ ਵਿੱਚ ਆਉਂਦਾ ਹੈ ਕਿ ਬਹੁਤੇ ਕਿਸਾਨ ਜ਼ਿੰਕ ਦੀ ਪੂਰੀ ਮਾਤਰਾ ਨਹੀਂ ਪਾਉਂਦੇ, ਉਹ ਕੇਵਲ 5-7 ਕਿਲੋ ਜ਼ਿੰਕ ਸਲਫੇਟ ਹੀ ਪ੍ਰਤੀ ਏਕੜ ਪਾਉਂਦੇ ਹਨ, ਜਿਸ ਕਰਕੇ ਜ਼ਿੰਕ ਦੀ ਘਾਟ ਪੂਰੀ ਨਹੀਂ ਹੁੰਦੀ । ਇਸ ਲਈ ਕਿਸਾਨ ਵੀਰਾਂ ਨੂੰ ਜ਼ਿੰਕ ਸਲਫੇਟ ਦੀ ਸਿਫਾਰਿਸ਼ ਕੀਤੀ ਮਾਤਰਾ ਹੀ ਪਾਉਣ ਦੀ ਸਲਾਹ ਦਿੱਤੀ ਜਾਂਦੀ ਹੈ । ਬਹੁਤੀਆਂ ਮਾੜੀਆਂ ਜ਼ਮੀਨਾਂ ਵਿੱਚ ਜੇਕਰ ਫੇਰ ਵੀ ਜ਼ਿੰਕ ਦੀ ਘਾਟ ਪੂਰੀ ਨਹੀਂ ਹੁੰਦੀ ਤਾਂ 10 ਕਿਲੋ ਹੈਪਟਾਹਾਈਡਰੇਟ ਜ਼ਿੰਕ ਸਲਫੇਟ ਜਾਂ 6.5 ਕਿਲੋ ਮੋਨੋਹਾਈਡਰੇਟ ਜ਼ਿੰਕ ਸਲਫੇਟ ਨੂੰ ਬਰਾਬਰ ਸੁੱਕੀ ਮਿੱਟੀ ਵਿੱਚ ਰਲਾ ਕੇ ਘਾਟ ਵਾਲੀਆਂ ਥਾਵਾਂ 'ਤੇ ਛੱਟਾ ਦਿੱਤਾ ਜਾ ਸਕਦਾ ਹੈ ।



# ਖੇਤੀ ਦੁਨੀਆਂ

ਪੰਜਾਬੀ ਖੇਤੀਬਾੜੀ ਸਪਤਾਹਿਕ

# KHETI DUNIYAN

An Exclusive Agricultural Weekly

---

ਰਜਿਸਟਰਡ ਆਫਿਸ :
9-ਏ, ਅਜੀਤ ਨਗਰ,
ਪਟਿਆਲਾ

ਮਾਰਕੀਟਿੰਗ ਆਫਿਸ :
ਕੇ.ਡੀ. ਕੰਪਲੈਕਸ, ਗਊਸ਼ਾਲਾ ਰੋਡ,
ਨੇੜੇ ਸ਼ੇਰ-ਏ-ਪੰਜਾਬ ਮਾਰਕੀਟ,
ਪਟਿਆਲਾ-147001
ਫੋਨ : 0175-2214575, ਮੋ.90410-14575
ਈ-ਮੇਲ : khetiduniyan1983@gmail.com

www.khetiduniyan.in

ਸਾਲ 43 ਅੰਕ 27
ਮਿਤੀ 05-07-2025

**ਐਡੀਟਰ**
ਜਗਪ੍ਰੀਤ ਸਿੰਘ

**ਮਾਰਕੀਟਿੰਗ ਦਫਤਰ**
ਪਟਿਆਲਾ
ਫੋਨ : 0175-2214575
ਮੁੰਬਈ
ਦਿੱਲੀ
ਲੁਧਿਆਣਾ
ਬਠਿੰਡਾ

**ਸੰਪਾਦਕੀ ਬੋਰਡ**
ਡਾ. ਡੀ.ਡੀ. ਨਾਰੰਗ
ਡਾ. ਰਣਜੀਤ ਸਿੰਘ
ਡਾ. ਸਵਰਨ ਸਿੰਘ ਮਾਨ
ਡਾ. ਅਮਨਪ੍ਰੀਤ ਸਿੰਘ ਬਰਾੜ
ਜਗਜੀਤ ਸਿੰਘ ਭੱਤਰਾ
ਡਾ. ਵਰਿੰਦਰ ਲਾਠਰ

**ਕੰਪੋਜ਼ਿੰਗ**
ਏਕਤਾ ਕੰਪਿਊਟਰਜ਼, ਪਟਿਆਲਾ


## ਨੋਟ

- ★ ਖੇਤੀ ਦੁਨੀਆਂ ਵਿੱਚ ਛਪਣ ਵਾਲੇ ਲੇਖਾਂ, ਇਸ਼ਤਿਹਾਰਾਂ, ਕਿਸਾਨਾਂ ਦੇ ਵਿਚਾਰਾਂ ਨਾਲ ਸੰਪਾਦਕ ਦੀ ਸਹਿਮਤੀ ਜ਼ਰੂਰੀ ਨਹੀਂ ਹੈ। ਅਦਾਰਾ ਖੇਤੀ ਦੁਨੀਆਂ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੈ।
- ★ ਸਿਫਾਰਿਸ਼ ਕੀਤੀਆਂ ਦਵਾਈਆਂ ਦੀ ਮਾਤਰਾ ਭਾਵੇਂ ਮਾਹਿਰਾਂ ਵੱਲੋਂ ਸਿਫਾਰਿਸ਼ ਕੀਤੀ ਹੁੰਦੀ ਹੈ, ਪਰੰਤੂ ਫਿਰ ਵੀ ਆਪਣੇ ਨਜ਼ਦੀਕੀ ਮਾਹਿਰ ਦੀ ਰਾਏ ਜ਼ਰੂਰ ਲਓ।
- ★ ਕਿਸੇ ਵੀ ਪ੍ਰਕਾਰ ਦਾ ਕਾਨੂੰਨੀ ਨਿਪਟਾਰਾ ਪਟਿਆਲਾ ਦੀ ਅਦਾਲਤ ਵਿੱਚ ਹੀ ਹੋਵੇਗਾ।


Editor : **JAGPREET SINGH**,
Printer, Publisher and Owner of Weekly
**'KHETI DUNIYAN'** Printed at **Varginia Printers**,
Shere-e-Punjab Market, Gaushala Road, Patiala-147001 (Pb.)
and published from **Kheti Duniyan**, House No. 9-A, Ajit Nagar,
Patiala-147001 (Pb.). E-mail : khetiduniyan1983@gmail.com
Phone No. 0175-2214575, RNI No.**PUNPUN00806**


### ਬਾਗਬਾਨੀ ਕਰਨ ਲੱਗੇ ਕਿਸਾਨ

# 5 ਸਾਲਾਂ ਵਿੱਚ 12,821 ਹੈਕਟੇਅਰ ਰਕਬਾ ਵਧਿਆ

*** ਸੂਬੇ ਵਿੱਚ ਸਾਲ 2020 ਤੋਂ ਬਾਅਦ ਲਗਾਤਾਰ ਬਾਗਾਂ ਹੇਠਲਾ ਰਕਬਾ ਵਧਿਆ * ਰਵਾਇਤੀ ਫ਼ਸਲੀ ਚੱਕਰ ਵਿੱਚੋਂ ਨਿਕਲਣ ਦਾ ਮੁੱਖ ਬਦਲ ਹੈ ਬਾਗਬਾਨੀ ਦਾ ਕਿੱਤਾ**



ਲਗਾਤਾਰ ਡੂੰਘੇ ਹੁੰਦੇ ਜਾ ਰਹੇ ਜ਼ਮੀਨ ਹੇਠਲੇ ਪਾਣੀ ਕਾਰਨ ਸੂਬੇ ਅੰਦਰ ਜਿੱਥੇ ਕਿਸਾਨ ਵੱਡੇ ਪੱਧਰ 'ਤੇ ਰਵਾਇਤੀ ਫ਼ਸਲੀ ਚੱਕਰ ਵਿੱਚੋਂ ਨਿਕਲ ਕੇ ਖੇਤੀ ਵਿਭਿੰਨਤਾ ਅਪਣਾ ਰਹੇ ਹਨ, ਉਥੇ ਹੀ ਪਿਛਲੇ ਸਾਲਾਂ ਦੌਰਾਨ ਕਿਸਾਨਾਂ ਵਿੱਚ ਬਾਗਬਾਨੀ ਕਿੱਤੇ ਪ੍ਰਤੀ ਵੀ ਰੁਝਾਨ ਵਧਿਆ ਹੈ। ਕਿਸਾਨਾਂ ਦੇ ਬਾਗਬਾਨੀ ਪ੍ਰਤੀ ਰੁਝਾਨ ਦਾ ਅੰਦਾਜ਼ਾ ਵਿਭਾਗ ਦੇ ਅੰਕੜਿਆਂ ਤੋਂ ਭਲੀ-ਭਾਂਤ ਲਾਇਆ ਜਾ ਸਕਦਾ ਹੈ। ਬਾਗਬਾਨੀ ਵਿਭਾਗ ਕੋਲੋਂ ਹਾਸਲ ਕੀਤੇ ਗਏ ਅੰਕੜਿਆਂ ਮੁਤਾਬਕ ਸਾਲ 2019-20 ਵਿੱਚ ਪੰਜਾਬ ਅੰਦਰ ਬਾਗਾਂ ਹੇਠਲਾ ਰਕਬਾ 90466 ਹੈਕਟੇਅਰ ਸੀ, ਜੋ ਕਿ ਵੱਧ ਕੇ



2023-24 ਵਿੱਚ 103287 ਹੈਕਟੇਅਰ ਹੋ ਗਿਆ। ਇਸ ਤਰ੍ਹਾਂ ਪੰਜ ਸਾਲਾਂ ਦੌਰਾਨ ਬਾਗਬਾਨੀ ਹੇਠਲੇ ਰਕਬੇ ਵਿੱਚ 12,821 ਹੈਕਟੇਅਰ ਦਾ ਵਾਧਾ ਦਰਜ ਕੀਤਾ ਗਿਆ। ਬਗਬਾਨੀ ਵਿਭਾਗ ਦੇ ਅਧਿਕਾਰੀਆਂ ਦਾ ਮੰਨਣਾ ਹੈ ਕਿ ਕਿਸਾਨਾਂ ਦਾ ਬਾਗਬਾਨੀ ਪ੍ਰਤੀ ਰੁਝਾਨ ਵਧਣ ਦਾ ਮੁੱਖ ਕਾਰਨ ਰਵਾਇਤੀ ਫ਼ਸਲਾਂ ਦੇ ਮੁਕਾਬਲੇ ਇਸ ਕਿੱਤੇ ਵਿੱਚ ਵਧੇਰੇ ਆਮਦਨ ਅਤੇ ਸਰਕਾਰ ਵੱਲੋਂ ਦਿੱਤੀਆਂ ਜਾਂਦੀਆਂ ਸਬਸਿਡੀਆਂ ਹਨ। ਬਾਗਬਾਨੀ ਰਾਹੀਂ ਧਰਤੀ ਹੇਠਲੇ ਪਾਣੀ ਦੀ ਵੱਡੇ ਪੱਧਰ 'ਤੇ ਬੱਚਤ ਹੁੰਦੀ ਹੈ।

ਪਿਛਲੇ ਕਈ ਸਾਲਾਂ ਤੋਂ ਬਾਗਬਾਨੀ ਦਾ ਕਿੱਤਾ ਕਰ ਰਹੇ ਭੋਗਪੁਰ ਨੇੜਲੇ ਪਿੰਡ ਤਲਵੰਡੀ ਦੇ ਕਿਸਾਨ ਪ੍ਰਭਮੀਤ ਸਿੰਘ ਸੇਖੋਂ ਦਾ ਕਹਿਣਾ ਹੈ ਕਿ ਬਾਗਬਾਨੀ ਦਾ ਕਿੱਤਾ ਉਨ੍ਹਾਂ ਦੇ ਪਿਤਾ ਨੇ ਅਪਨਾਇਆ ਸੀ ਅਤੇ ਉਹ ਕਈ ਸਾਲਾਂ ਤੋਂ 30 ਏਕੜ ਰਕਬੇ ਵਿੱਚ ਨਾਸ਼ਪਾਤੀ ਫਲ ਦੀ ਪੈਦਾਵਾਰ ਕਰ ਰਹੇ ਹਨ। ਉਨ੍ਹਾਂ ਦੱਸਿਆ ਕਿ ਬਾਗਬਾਨੀ ਵਿੱਚ ਪ੍ਰਤੀ ਏਕੜ ਆਮਦਨ 2 ਲੱਖ ਰੁਪਏ ਸਾਲਾਨਾ ਹੋ ਜਾਂਦੀ ਹੈ, ਹਾਲਾਂਕਿ ਇਹ ਆਮਦਨ ਬਾਗ ਲਾਉਣ ਦੇ ਕਰੀਬ 10 ਸਾਲਾਂ ਬਾਅਦ ਸ਼ੁਰੂ ਹੁੰਦੀ ਹੈ। ਫਿਰ ਵੀ ਜਿੰਨਾ ਚਿਰ ਬਾਗ ਪੂਰੀ ਤਰ੍ਹਾਂ ਫਲ ਦੇਣ ਲਈ ਤਿਆਰ ਨਹੀਂ ਹੋ ਜਾਂਦਾ, ਓਨੀ ਦੇਰ ਤੱਕ ਕਿਸਾਨ ਬਾਗ ਵਾਲੇ ਖੇਤਾਂ ਵਿੱਚ ਦੂਜੀਆਂ ਫ਼ਸਲਾਂ ਅਤੇ ਸਬਜ਼ੀਆਂ ਆਦਿ ਪੈਦਾਵਾਰ ਕਰ ਸਕਦੇ ਹਨ। ਇਸ ਨਾਲ ਵਿੱਤੀ ਘਾਟਾ ਨਹੀਂ ਸਹਿਣਾ ਪੈਂਦਾ। ਪਾਣੀ ਦੀ ਬੱਚਤ ਬਾਰੇ ਪੁੱਛੇ ਜਾਣ 'ਤੇ ਪ੍ਰਭਮੀਤ ਸਿੰਘ ਸੇਖੋਂ ਨੇ ਦੱਸਿਆ ਕਿ ਬਾਗਾਂ ਨੂੰ ਅਪ੍ਰੈਲ, ਮਈ ਅਤੇ ਜੂਨ ਸਿਰਫ ਤਿੰਨ ਮਹੀਨੇ ਪਾਣੀ ਦੀ ਲੋੜ ਪੈਂਦੀ ਹੈ।

ਜੁਲਾਈ ਵਿੱਚ ਬਰਸਾਤਾਂ ਸ਼ੁਰੂ ਹੋ ਜਾਂਦੀਆਂ ਹਨ ਅਤੇ ਸਰਦੀਆਂ ਵਿੱਚ ਬਹੁਤ ਘੱਟ ਪਾਣੀ ਲੱਗਦਾ ਹੈ। ਇਸ ਤਰ੍ਹਾਂ ਝੋਨੇ ਅਤੇ ਕਣਕ ਦੇ ਮੁਕਾਬਲੇ ਬਾਗਾਂ ਵਿੱਚ 60 ਤੋਂ 70 ਫੀਸਦੀ ਪਾਣੀ ਘੱਟ ਲੱਗਦਾ ਹੈ। ਫ਼ਲਾਂ ਦੀ ਮਾਰਕੀਟਿੰਗ ਕਰਨ ਵਿੱਚ ਸਮੱਸਿਆ ਆਉਣ ਬਾਰੇ ਪੁੱਛੇ ਜਾਣ 'ਤੇ ਪ੍ਰਭਮੀਤ ਸਿੰਘ ਸੇਖੋਂ ਨੇ ਕਿਹਾ ਕਿ ਪੰਜਾਬ ਅੰਦਰ ਬਾਗਬਾਨੀ ਹੇਠਲਾ ਰਕਬਾ ਲਗਾਤਾਰ ਵੱਧ ਰਿਹਾ ਹੈ, ਜੋ ਕਿ ਬਹੁਤ ਵਧੀਆ ਰੁਝਾਨ ਹੈ, ਪਰ ਕਿਸਾਨਾਂ ਨੂੰ ਫ਼ਲਾਂ ਦੇ ਮੰਡੀਕਰਨ ਦੀ ਸਮੱਸਿਆ ਦਾ ਸਾਹਮਣਾ ਕਰਨਾ ਪੈਂਦਾ ਹੈ, ਕਿਉਂਕਿ ਬਹੁਤੇ ਫਲਾਂ ਦੀ ਖਪਤ ਲੋਕਲ ਪੱਧਰ 'ਤੇ ਨਹੀਂ ਹੁੰਦੀ ਅਤੇ ਉਨ੍ਹਾਂ ਦੀ ਸਪਲਾਈ ਦੂਰ-ਦੁਰਾਡੇ ਕਰਨੀ ਪੈਂਦੀ ਹੈ। ਇਸ ਲਈ ਸਰਕਾਰਾਂ ਤੇ ਵਿਭਾਗ ਨੂੰ ਚਾਹੀਦਾ ਹੈ ਕਿ ਜਿਨ੍ਹਾਂ ਜ਼ਿਲ੍ਹਿਆਂ ਵਿੱਚ ਜਿਹੜੇ ਫਲ ਵਧੇਰੇ ਹੁੰਦੇ ਹਨ, ਉਨ੍ਹਾਂ ਵਿੱਚ ਪ੍ਰੋਸੈਸਿੰਗ ਪਲਾਂਟ ਲਾਏ ਜਾਣ ਤਾਂ ਜੋ ਕਿਸਾਨਾਂ ਦੀ ਪੈਦਾਵਾਰ ਆਸਾਨੀ ਨਾਲ ਵਿਕ ਸਕੇ।

### ਬਾਗਬਾਨੀ ਪ੍ਰਤੀ ਉਤਸ਼ਾਹਿਤ ਕਰਨ ਲਈ ਦਿੱਤੀਆਂ ਜਾਂਦੀਆਂ ਹਨ ਸਬਸਿਡੀਆਂ

ਬਾਗਬਾਨੀ ਵਿਭਾਗ ਦੀ ਡਾਇਰੈਕਟਰ ਡਾ. ਸ਼ੈਲਿੰਦਰ ਕੌਰ ਦਾ ਕਹਿਣਾ ਹੈ ਕਿ ਪੰਜਾਬ ਸਰਕਾਰ ਤੇ ਵਿਭਾਗ ਵੱਲੋਂ ਕਿਸਾਨਾਂ ਨੂੰ ਰਵਾਇਤੀ ਫ਼ਸਲੀ ਚੱਕਰ ਵਿੱਚੋਂ ਕੱਢਣ ਲਈ ਬਾਗਬਾਨੀ ਨੂੰ ਵੱਧ ਤੋਂ ਵੱਧ ਉਤਸ਼ਾਹਿਤ ਕੀਤਾ ਜਾ ਰਿਹਾ ਹੈ। ਇਹੀ ਕਾਰਨ ਹੈ ਕਿ ਪਿਛਲੇ ਪੰਜ ਸਾਲਾਂ ਦੌਰਾਨ ਪੰਜਾਬ ਵਿੱਚ ਬਾਗਾਂ ਹੇਠਲੇ ਰਕਬੇ ਵਿੱਚ ਵਾਧਾ ਦਰਜ ਕੀਤਾ ਗਿਆ ਹੈ। ਡਾਇਰੈਕਟਰ ਸ਼ੈਲਿੰਦਰ ਕੌਰ ਨੇ ਦੱਸਿਆ ਕਿ ਬਾਗਬਾਨੀ ਕਿੱਤਾ ਅਪਣਾਉਣ ਵਾਲੇ ਕਿਸਾਨਾਂ ਨੂੰ ਵੱਖ-ਵੱਖ ਤਰ੍ਹਾਂ ਦੀਆਂ ਸਬਸਿਡੀਆਂ ਦਿੱਤੀਆਂ ਹਨ। ਇਨ੍ਹਾਂ ਵਿੱਚ ਕੌਮੀ ਬਾਗਬਾਨੀ ਮਿਸ਼ਨ ਤਹਿਤ ਪ੍ਰਤੀ ਏਕੜ 20,000 ਰੁਪਏ, ਸਟੇਟ ਪਲਾਨ ਸਕੀਮ ਤਹਿਤ ਤੁਪਕਾ ਵਿਧੀ ਰਾਹੀਂ ਸਿੰਚਾਈ ਲਈ 10,000 ਰੁਪਏ ਪ੍ਰਤੀ ਏਕੜ, 20 ਹਾਰਸ ਪਾਵਰ ਦਾ ਛੋਟਾ ਟਰੈਕਟਰ ਖਰੀਦਣ ਲਈ 40 ਤੋਂ 50 ਫੀਸਦੀ, ਬਾਗ ਵਿੱਚ ਸਪਰੇਅ ਕਰਨ ਲਈ ਟਰੈਕਟਰ ਨਾਲ ਚੱਲਣ ਵਾਲਾ ਜਾਂ ਹੈਂਡ ਪੰਪ ਲੈਣ ਵਾਸਤੇ, ਬਾਗ ਦੀ ਕਾਂਟ-ਛਾਂਟ ਕਰਨ ਲਈ ਅਤੇ ਫਲਾਂ ਦੀ ਪੈਕਿੰਗ ਕਰਨ ਵਾਸਤੇ ਪੈਕ ਹਾਊਸ ਜਾਂ ਕੋਲਡ ਰੂਮ ਬਣਾਉਣ ਵਾਸਤੇ 2 ਤੋਂ 12 ਲੱਖ ਰੁਪਏ ਦੀ ਸਬਸਿਡੀ ਦਿੱਤੀ ਜਾਂਦੀ ਹੈ। ਡਾਇਰੈਕਟਰ ਸ਼ੈਲਿੰਦਰ ਕੌਰ ਨੇ ਦੱਸਿਆ ਕਿ ਬਾਗਬਾਨੀ ਕਰਨ ਦੇ ਚਾਹਵਾਨ ਕਿਸਾਨਾਂ ਨੂੰ ਵਿਭਾਗ ਵੱਲੋਂ ਸਿਖਲਾਈ ਵੀ ਦਿੱਤੀ ਜਾਂਦੀ ਹੈ ਅਤੇ ਸਮੇਂ-ਸਮੇਂ 'ਤੇ ਉਨ੍ਹਾਂ ਨੂੰ ਜਾਗਰੂਕ ਕਰਨ ਲਈ ਕੈਂਪ ਵੀ ਲਾਏ ਜਾਂਦੇ ਹਨ।

| ਸਾਲ | ਕੁੱਲ ਰਕਬਾ | ਝਾੜ ਪ੍ਰਤੀ ਹੈਕਟੇਅਰ | ਉਤਪਾਦਨ ਮੀ.ਟ. |
|---|---|---|---|
| 2019-20 | 90466 | 21802 | 1972380 |
| 2020-21 | 93615 | 21654 | 2027175 |
| 2021-22 | 96686 | 22152 | 2141770 |
| 2022-23 | 99758 | 22241 | 2218748 |
| 2023-24 | 103287 | 22325 | 2305857 |

# ਫੁੱਲਾਂ ਅਤੇ ਡਰੈਗਨ ਫਰੂਟ ਦੀ ਖੇਤੀ ਕਰਕੇ ਚੰਗਾ ਮੁਨਾਫਾ ਕਮਾ ਰਿਹਾ ਹੈ ਕਿਸਾਨ

ਭਾਵੇਂ ਪੰਜਾਬ ਦੇ ਬਹੁਤੇ ਕਿਸਾਨ ਕਣਕ-ਝੋਨੇ ਦੇ ਚੱਕਰ ਵਿੱਚੋਂ ਨਹੀਂ ਨਿਕਲ ਰਹੇ, ਪਰ ਕੁਝ ਕੁ ਕਿਸਾਨ ਅਜਿਹੇ ਵੀ ਹਨ, ਜਿਨ੍ਹਾਂ ਨੇ ਝੋਨੇ-ਕਣਕ ਦਾ ਖਹਿੜਾ ਛੱਡ ਦਿੱਤਾ ਅਤੇ ਹੋਰਨਾਂ ਫ਼ਸਲਾਂ ਉਗਾ ਕੇ ਜਿੱਥੇ ਵਾਤਾਵਰਨ ਨੂੰ ਬਚਾ ਰਹੇ ਹਨ, ਉਥੇ ਹੀ ਆਪਣੀ ਜੇਬ ਵੀ ਭਰ ਰਹੇ ਹਨ। ਇਨ੍ਹਾਂ ਅਗਾਂਹਵਧੂ ਸੋਚ ਅਤੇ ਵਾਤਾਵਰਨ ਦੇ ਰਖਵਾਲੇ ਕਿਸਾਨਾਂ ਵੱਲੋਂ ਆਪਣੀ ਆਮਦਨ ਦੇ ਸਰੋਤਾਂ ਨੂੰ ਹੋਰ ਵਧਾਉਣ ਅਤੇ ਖੇਤੀਬਾੜੀ ਮਾਹਿਰਾਂ ਦੀ ਸਲਾਹ ਅਨੁਸਾਰ ਵੱਖ-ਵੱਖ ਆਧੁਨਿਕ ਤਰੀਕਿਆਂ ਨਾਲ ਖੇਤੀ ਕੀਤੀ ਜਾਂਦੀ ਹੈ। ਇਸੇ ਲਾਈਨ ਵਿੱਚ ਬਠਿੰਡਾ ਜ਼ਿਲ੍ਹੇ ਦੇ ਇੱਕ ਹੋਰ ਕਿਸਾਨ ਦਾ ਨਾਂ ਜੁੜਨਾ ਸ਼ੁਰੂ ਹੋ ਗਿਆ ਹੈ। ਪਿੰਡ ਪੂਹਲੀ ਦੇ ਕਿਸਾਨ ਚਮਕੌਰ ਸਿੰਘ ਵੱਲੋਂ ਲਗਭਗ 22 ਏਕੜ ਵਿੱਚ ਵੱਖ-ਵੱਖ ਫ਼ਸਲਾਂ ਦੀ ਖੇਤੀ ਕੀਤੀ ਜਾਂਦੀ ਹੈ, ਜਿਸ ਤੋਂ ਉਹ ਕਾਫ਼ੀ ਮੁਨਾਫਾ ਕਮਾ ਰਿਹਾ ਹੈ। ਮੁੱਖ ਖੇਤੀਬਾੜੀ ਅਫਸਰ ਡਾ. ਜਗਦੀਸ਼ ਨੇ ਦੱਸਿਆ ਕਿ ਅਗਾਂਹਵਧੂ ਸੋਚ ਦੇ ਮਾਲਕ ਕਿਸਾਨ ਚਮਕੌਰ ਸਿੰਘ ਵੱਲੋਂ ਸਾਲ 2022 ਵਿੱਚ ਇੱਕ ਕਨਾਲ ਵਿੱਚ ਡਰੈਗਨ ਫਰੂਟ ਦੀ ਖੇਤੀ ਸ਼ੁਰੂ ਕੀਤੀ ਸੀ, ਜੋ ਕਿ ਉਸ ਨੇ ਹੌਲੀ-ਹੌਲੀ ਵਧਾ ਕੇ ਸਾਲ 2025 ਤੱਕ ਤਿੰਨ ਏਕੜ ਦੇ ਲਗਭਗ ਕਰ ਲਈ ਹੈ, ਜਿਸ ਨਾਲ ਉਸ ਨੂੰ ਕਾਫ਼ੀ ਜ਼ਿਆਦਾ ਲਾਭ ਹੋਇਆ ਹੈ। ਕਿਸਾਨ ਚਮਕੌਰ ਸਿੰਘ ਵੱਲੋਂ ਪਿਛਲੇ ਤਿੰਨ ਸਾਲਾਂ ਤੋਂ ਤਿੰਨ ਏਕੜ ਰਕਬੇ ਵਿੱਚ ਫੁੱਲਾਂ ਦੀ ਕਾਸ਼ਤ ਕੀਤੀ ਜਾ ਰਹੀ ਹੈ, ਜਿਸ ਵੱਲੋਂ ਸਰਦ ਰੁੱਤ ਵਿੱਚ ਲਗਭਗ ਪੰਜ ਤੋਂ ਛੇ ਮਹੀਨਿਆਂ ਵਿੱਚ ਫੁੱਲਾਂ ਦਾ ਬੀਜ ਤਿਆਰ ਕਰਕੇ ਵੇਚਿਆ ਜਾਂਦਾ ਹੈ, ਜਿਸ ਦੀ ਆਮਦਨ ਲਗਭਗ 70 ਤੋਂ 75 ਹਜ਼ਾਰ ਪ੍ਰਤੀ ਏਕੜ ਹੋ ਜਾਂਦੀ ਹੈ। ਉਨ੍ਹਾਂ ਦੱਸਿਆ ਕਿ ਕਿਸਾਨ ਵੱਲੋਂ ਲਗਭਗ 20-20 ਫੁੱਟ ਦੇ ਦੋ ਪਲਾਟਾਂ ਵਿੱਚ ਗੰਡਿਆਂ ਦੀ ਖਾਦ ਵੀ ਤਿਆਰ ਕੀਤੀ ਜਾਂਦੀ ਹੈ, ਜੋ ਕਿ ਉਸ ਵੱਲੋਂ ਆਪਣੇ ਖੇਤਾਂ ਵਿੱਚ ਹੀ ਵਰਤ ਲਈ ਜਾਂਦੀ ਹੈ, ਜਿਸ ਨਾਲ ਫ਼ਸਲ ਨੂੰ ਕਾਫ਼ੀ ਜ਼ਿਆਦਾ ਲਾਭ ਹੁੰਦਾ ਹੈ। ਉਨ੍ਹਾਂ ਹੋਰਨਾਂ ਕਿਸਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਸੋਨੇ ਦੀ ਪਰਾਲੀ ਨੂੰ ਅੱਗ ਨਾ ਲਗਾਉਣ, ਸਗੋਂ ਉਸ ਨੂੰ ਜ਼ਮੀਨ ਵਿੱਚ ਹੀ ਮਿਲਾਉਣ, ਜਿਸ ਨਾਲ ਜ਼ਮੀਨ ਦੀ ਉਪਜਾਊ ਸ਼ਕਤੀ ਵੀ ਬਣੀ ਰਹੇਗੀ ਅਤੇ ਫ਼ਸਲ ਦੇ ਝਾੜ ਵਿੱਚ ਵੀ ਵਾਧਾ ਹੋਵੇਗਾ। ਇਸ ਤੋਂ ਇਲਾਵਾ ਚਮਕੌਰ ਸਿੰਘ ਨੇ ਦੂਜੇ ਕਿਸਾਨਾਂ ਨੂੰ ਹੋਰ ਫ਼ਸਲ ਵੱਲ ਵਧਣ ਦੀ ਵੀ ਅਪੀਲ ਕੀਤੀ।

# ਪੰਜਾਬ ਲੈਂਡ ਪੂਲਿੰਗ ਸਕੀਮ

## ਸ਼ਹਿਰੀ ਵਿਕਾਸ ਜਾਂ ਖੇਤੀ ਦਾ ਵਿਨਾਸ਼



ਡਾ. ਮਨਪ੍ਰੀਤ ਕੌਰ,
ਸਹਾਇਕ ਪ੍ਰੋਫੈਸਰ,
ਅਰਥ ਸ਼ਾਸਤਰ, ਬਾਬਾ ਫਰੀਦ
ਲਾਅ ਕਾਲਜ, ਫਰੀਦਕੋਟ

ਪੰਜਾਬ ਖੇਤੀ ਪ੍ਰਧਾਨ ਸੂਬਾ ਹੈ, ਜਿਸ ਦੀ 25 ਫੀਸਦੀ ਆਬਾਦੀ ਸਿੱਧੇ ਅਤੇ ਅਸਿੱਧੇ ਤੌਰ 'ਤੇ ਖੇਤੀ ਅਤੇ ਸਹਾਇਕ ਧੰਦਿਆਂ 'ਤੇ ਨਿਰਭਰ ਕਰਦੀ ਹੈ। ਮੁਲਕ ਦਾ 1.5 ਫੀਸਦੀ ਭਗੋਲਿਕ ਰਕਬਾ ਹੋਣ ਦੇ ਬਾਵਜੂਦ ਪੰਜਾਬ ਕੇਂਦਰੀ ਅੰਨ ਭੰਡਾਰ ਵਿੱਚ 51 ਫੀਸਦੀ ਕਣਕ ਅਤੇ 21.4 ਫੀਸਦੀ ਚੌਲਾ ਦਾ ਯੋਗਦਾਨ ਪਾ ਰਿਹਾ ਹੈ। ਇਸ ਤੋਂ ਇਲਾਵਾ ਇਕੱਲੇ ਪੰਜਾਬ ਦਾ ਵਿਸ਼ਵ ਦੇ ਅਨਾਜ ਉਤਪਾਦਨ ਵਿੱਚ 3 ਫੀਸਦੀ ਯੋਗਦਾਨ ਹੋਣ ਕਾਰਨ ਇਹ ਪੂਰੇ ਵਿਸ਼ਵ ਦੇ ਨਕਸ਼ੇ 'ਤੇ ਅਨਾਜ ਦੀ ਅਨੋਖੀ ਪੈਦਾਵਾਰ ਕਾਰਨ ਆਪਣੀ ਇੱਕ ਨਿਵੇਕਲੀ ਪਛਾਣ ਬਣਾਉਂਦਾ ਹੈ।

ਭਾਰਤ ਵਰਗੇ ਵੱਧ ਆਬਾਦੀ ਵਾਲੇ ਦੇਸ਼ ਨੂੰ ਪੰਜਾਬ ਨੇ ਆਜ਼ਾਦੀ ਤੋਂ ਬਾਅਦ ਨਾ ਕੇਵਲ ਖੁਰਾਕੀ ਸੰਕਟ ਤੋਂ ਬਾਹਰ ਕੱਢ ਕੇ ਘਰੇਲੂ ਜ਼ਰੂਰਤਾਂ ਦੀ ਪੂਰਤੀ ਕੀਤੀ, ਸਗੋਂ ਹਰੀ ਕ੍ਰਾਂਤੀ ਤੋਂ ਬਾਅਦ ਮੁਲਕ ਨੂੰ ਅੰਨ ਦਰਾਮਦ ਕਰਨ ਵਾਲੇ ਦੇਸ਼ ਤੋਂ ਅੰਨ ਬਰਾਮਦ ਕਰਨ ਵਾਲਾ ਦੇਸ਼ ਬਣਾ ਕੇ ਭਾਰਤ ਦੀ ਆਰਥਿਕ ਪ੍ਰਗਤੀ ਅਤੇ ਖੁਸ਼ਹਾਲੀ ਵਿੱਚ ਇੱਕ ਬਹੁਤ ਵੱਡਾ ਯੋਗਦਾਨ ਪਾਇਆ ਹੈ। ਪਰ ਅੱਜਕੱਲ੍ਹ ਪੰਜਾਬ ਵਿੱਚ ਸ਼ਹਿਰੀ ਵਿਕਾਸ ਦੇ ਨਾਮ 'ਤੇ ਇਸ ਖੇਤੀ ਪੱਖੀ ਅਮੀਰ ਜ਼ਮੀਨ ਉਪਰ ਕਲੋਨੀਆਂ ਵਿਕਸਿਤ ਕਰਨ ਦੇ ਫੈਸਲੇ ਨੇ ਕਿਸਾਨੀ ਅਤੇ ਖੇਤੀ ਜਗਤ ਵਿੱਚ ਰੋਸ ਪੈਦਾ ਕਰ ਦਿੱਤਾ ਹੈ।

ਇਸ ਲੈਂਡ ਪੂਲਿੰਗ ਸਕੀਮ ਦੇ ਅਨੁਸਾਰ ਸ਼ਹਿਰਾਂ ਦੇ ਨਾਲ ਲੱਗਦੇ ਪਿੰਡਾਂ ਵਿੱਚ ਖੇਤੀਬਾੜੀ ਅਧੀਨ ਜ਼ਮੀਨਾਂ ਉੱਪਰ ਪੰਜਾਬ ਸ਼ਹਿਰੀ ਵਿਕਾਸ ਅਥਾਰਟੀ (ਪੁੱਡਾ) ਵੱਲੋਂ ਸ਼ਹਿਰੀ ਕਲੋਨੀਆਂ ਵਿਕਸਿਤ ਕਰਨ ਲਈ ਜ਼ਮੀਨਾਂ ਦੀ ਮੰਗ ਕੀਤੀ ਗਈ ਹੈ। ਇਸ ਫੈਸਲੇ ਦੇ ਅਧੀਨ ਜੇਕਰ ਕਿਸਾਨ ਆਪਣੀ ਇੱਕ ਏਕੜ ਜ਼ਮੀਨ ਇਸ ਮੰਤਵ ਲਈ ਲਗਾਉਂਦਾ ਹੈ ਤਾਂ ਇਸ ਇੱਕ ਏਕੜ ਦੇ ਬਦਲੇ ਉਸ ਨੂੰ ਮੁਆਵਜੇ ਦੇ ਨਾਲ 1000 ਵਰਗ ਗਜ ਦਾ ਰਿਹਾਇਸ਼ੀ ਪਲਾਟ ਅਤੇ 200 ਵਰਗ ਗਜ ਦਾ ਵਪਾਰਿਕ ਪਲਾਟ ਦਿੱਤਾ ਜਾਵੇਗਾ। ਜੇਕਰ ਕਿਸਾਨ ਵੱਧ ਜ਼ਮੀਨ ਇੱਕ ਕੰਮ ਲਈ ਸਰਕਾਰ ਨੂੰ ਦਿੰਦੇ ਹਨ ਤਾਂ ਉਹਨਾ ਨੂੰ ਮਿਲਣ ਵਾਲਾ ਫਾਇਦਾ ਵਧਦਾ ਜਾਵੇਗਾ, ਅਰਥਾਤ ਕਿਸਾਨ ਦੁਆਰਾ 9 ਏਕੜ ਜ਼ਮੀਨ ਦੇ ਬਦਲੇ 3 ਏਕੜ ਵਿਕਸਿਤ ਜ਼ਮੀਨ ਦਿੱਤੀ ਜਾਵੇਗੀ ਅਤੇ ਜੇਕਰ ਛੋਟੇ ਕਿਸਾਨ ਮਿਲ ਕੇ 50 ਏਕੜ ਜ਼ਮੀਨ ਪੂਲ ਕਰਦੇ ਹਨ ਤਾਂ ਇਸ ਦੇ ਬਦਲੇ 30 ਏਕੜ ਜ਼ਮੀਨ ਉਪਰ ਕਲੋਨੀ ਵਿਕਸਿਤ ਕਰਕੇ ਦਿੱਤੀ ਜਾਵੇਗੀ। ਸਰਕਾਰ ਦੁਆਰਾ ਇਹ ਦਾਅਵਾ ਕੀਤਾ ਜਾ ਰਿਹਾ ਹੈ ਕਿ ਇਸ ਸਕੀਮ ਦਾ ਮੁੱਖ ਮੰਤਵ ਸ਼ਹਿਰਾ ਵਿੱਚ ਗੈਰ-ਰਜਿਸ਼ਟਰਡ ਕਲੋਨੀਆਂ 'ਤੇ ਰੋਕ ਲਗਾਉਣੀ ਅਤੇ ਲੋਕਾਂ ਨੂੰ ਵਾਜ਼ਬ ਕੀਮਤਾਂ 'ਤੇ ਮਕਾਨ ਮੁਹੱਈਆ ਕਰਵਾਉਣਾ ਹੈ। ਇਸ ਸਕੀਮ ਦੇ ਤਹਿਤ ਇਕੱਲੇ ਲੁਧਿਆਣਾ ਖੇਤਰ ਵਿੱਚ ਹੀ 24311 ਏਕੜ ਜ਼ਮੀਨ ਇਸ ਕੰਮ ਲਈ ਵਿਕਸਿਤ ਕਰਨ ਦਾ ਫੈਸਲਾ ਹੈ, ਜੋ ਕਿ ਗਰੇਟਰ ਲੁਧਿਆਣਾ ਏਰੀਆ ਡਿਵੈਲਪਮੈਂਟ ਅਥਾਰਟੀ (ਗਲਾਡਾ) ਨੂੰ ਦਿੱਤਾ ਗਿਆ ਹੈ। ਇਸ ਤਰ੍ਹਾਂ ਪੰਜਾਬ ਦੇ ਬਾਕੀ 19 ਸ਼ਹਿਰਾਂ ਵਿੱਚ ਵੀ ਇਸ ਸਕੀਮ ਅਧੀਨ ਤਕਰੀਬਨ 37000 ਏਕੜ ਖੇਤੀਯੋਗ ਜ਼ਮੀਨਾਂ ਵਿਕਸਿਤ ਕਰਨ ਦਾ ਫੈਸਲਾ ਕੀਤਾ ਗਿਆ ਹੈ। ਹੁਣ ਇਸ ਸਕੀਮ ਦੇ ਸ਼ਹਿਰੀ ਅਤੇ ਖੇਤੀ (ਪੇਂਡੂ) ਖੇਤਰ ਉੱਪਰ ਪੈਣ ਵਾਲੇ ਪ੍ਰਭਾਵਾਂ ਤੇ ਚਰਚਾ ਕਰਾਂਗੇ।

**ਸ਼ਹਿਰੀ ਖੇਤਰ ਉੱਪਰ ਪ੍ਰਭਾਵ :** ਜੇਕਰ ਸ਼ਹਿਰੀ ਖੇਤਰ ਉੱਪਰ ਪੈਣ ਵਾਲੇ ਪ੍ਰਭਾਵ ਦੀ ਗੱਲ ਕਰੀਏ ਤਾਂ ਪੰਜਾਬ ਵਿੱਚ ਨੀਤੀ ਆਯੋਗ ਦੇ ਅੰਕੜਿਆਂ ਅਨੁਸਾਰ 2023 ਵਿੱਚ ਪੰਜਾਬ ਦੀ 42 ਫੀਸਦੀ ਵਸੋਂ ਪਹਿਲਾਂ ਹੀ ਸ਼ਹਿਰੀ ਖੇਤਰ ਵਿੱਚ ਰਹਿ ਰਹੀ ਹੈ, ਜੋ ਕਿ ਰਾਸ਼ਟਰੀ ਅੰਕੜਿਆਂ (31 ਫੀਸਦੀ) ਤੋਂ ਕਿਤੇ ਜ਼ਿਆਦਾ ਹੈ। ਸ਼ਹਿਰੀ ਖੇਤਰ ਵਿੱਚ ਇਸ ਤੋਂ ਵੱਧ ਵਸੋਂ ਦੀ ਆਬਾਦੀ ਦੇ ਲਈ ਕਲੋਨੀਆਂ ਵਿਕਸਿਤ ਕਰਨਾ ਕਿਤੇ ਨਾ ਕਿਤੇ ਬਾਹਰੀ ਵਸੋਂ ਨੂੰ ਸੱਦਾ ਹੋ ਸਕਦਾ ਹੈ। ਜੇਕਰ ਲੁਧਿਆਣਾ ਸ਼ਹਿਰ ਦੀ ਗੱਲ ਕੀਤੀ ਜਾਵੇ, ਤਾਂ ਲੁਧਿਆਣਾ ਸ਼ਹਿਰ ਦੀ ਆਬਾਦੀ 19.5 ਲੱਖ ਹੈ ਅਤੇ ਇਸ ਦੀ ਵਸੋਂ ਘਣਤਾ 978 ਵਰਗ ਕਿਲੋਮੀਟਰ ਹੈ, ਜੋ ਕਿ ਪਹਿਲਾਂ ਹੀ ਬਹੁਤ ਜ਼ਿਆਦਾ ਹੈ। ਇਸ ਤਰ੍ਹਾਂ ਪੰਜਾਬ ਵਿੱਚ ਸ਼ਹਿਰੀਕਰਨ ਹੋਰ ਜ਼ਿਆਦਾ ਕਰਨ ਨਾਲ ਵਾਤਾਵਰਣ ਉੱਪਰ ਵੀ ਮਾਰੂ ਪ੍ਰਭਾਵ ਪੈ ਸਕਦੇ ਹਨ। ਲੁਧਿਆਣਾ ਸ਼ਹਿਰ ਵਿੱਚ ਪਹਿਲਾਂ ਹੀ ਸ਼ਹਿਰੀ ਅਤੇ ਉਦਯੋਗਿਕ ਵਿਕਾਸ ਜ਼ਿਆਦਾ ਹੋਣ ਕਾਰਨ ਹਵਾ ਅਤੇ ਪਾਣੀ ਬਹੁਤ ਪ੍ਰਦੂਸ਼ਿਤ ਹੋ ਗਿਆ ਹੈ। ਬੁੱਢੇ ਨਾਲੇ ਵਿੱਚ ਮਿਲਣ ਵਾਲਾ ਗੰਦਾ ਪਾਣੀ ਅੱਜ ਪੂਰੇ ਮਾਲਵਾ ਖਿੱਤੇ ਦੇ ਪਾਣੀਆਂ ਨੂੰ ਦੂਸ਼ਿਤ ਕਰ ਰਿਹਾ ਹੈ। ਇਸ ਤਰ੍ਹਾਂ ਹੱਦੋ ਵੱਧ ਸ਼ਹਿਰੀਕਰਨ ਪ੍ਰਦੂਸ਼ਣ ਅਤੇ ਬਿਮਾਰੀਆਂ ਨੂੰ ਸੱਦਾ ਦੇਣਾ ਹੈ। ਜਦੋਂ ਤੱਕ ਪ੍ਰਦੂਸ਼ਣ ਦੀ ਰੋਕਥਾਮ ਲਈ ਕਦਮ ਨਾ ਚੁੱਕੇ ਜਾਣ ਅਤੇ ਉਦਯੋਗਿਕ ਖੇਤਰਾਂ ਦੇ ਵਾਧੂ ਪਾਣੀ ਦੇ ਟਰੀਟਮੈਂਟ ਲਈ ਸੁਚੱਜੇ ਪ੍ਰਬੰਧ ਨਾ ਕੀਤੇ ਜਾਣ। ਇਸ ਤੋਂ ਇਲਾਵਾ ਇਸ ਸਕੀਮ ਦੇ ਤਹਿਤ ਇਹ ਦਾਅਵਾ ਕੀਤਾ ਗਿਆ ਹੈ ਕਿ ਇਹ ਸਕੀਮ ਪੰਜਾਬ ਵਿੱਚ ਗੈਰ-ਰਜਿਸਟਰਡ ਕਲੋਨੀਆਂ 'ਤੇ ਰੋਕ ਲਗਾਉਣ ਲਈ ਹੈ। ਪੰਜਾਬ ਵਿੱਚ ਅਨੁਮਾਨਿਤ 19000 ਕਲੋਨੀਆਂ ਗੈਰ-ਰਜਿਸਟਰਡ ਹਨ, ਜੋ ਕਿ ਭਾਰਤ ਵਿੱਚ ਸਭ ਤੋਂ ਵੱਧ ਹਨ। ਜੇਕਰ ਦੇਖਿਆ ਜਾਵੇ ਤਾਂ ਇਸ ਸਕੀਮ ਦੇ ਤਹਿਤ ਵਿਕਸਿਤ ਹੋਣ ਵਾਲੀਆਂ ਕਲੋਨੀਆਂ ਪੁੱਡਾ ਵੱਲੋਂ ਪ੍ਰਮਾਣਿਤ ਕੀਤੀਆਂ ਜਾਣਗੀਆਂ, ਜੋ ਕਿ ਗੈਰ ਰਜਿਸਟਰਡ ਕਲੋਨੀਆਂ ਤੋਂ ਕਿਤੇ ਮਹਿੰਗੀਆਂ ਹੁੰਦੀਆ ਹਨ। ਸਿੱਟੇ ਵਜੋਂ ਸਰਕਾਰ ਦਾ ਇਸ ਸਕੀਮ ਦੇ ਤਹਿਤ ਵਾਜਬ ਰੇਟ ਦੇ ਮਕਾਨ ਮੁਹੱਈਆ ਕਰਵਾਉਣ ਦਾ ਦਾਅਵਾ (ਐਫੋਰਡੇਬਲ ਹਾਊਸਿੰਗ) ਅਸਲੀਅਤ ਨਾਲ ਮੇਲ ਨਹੀ ਖਾਂਦਾ। ਇਸ ਤਰ੍ਹਾਂ ਸਕੀਮ ਦੇ ਤਹਿਤ ਕੀਤਾ ਗਿਆ ਫੈਸਲਾ ਮੱਧ-ਵਰਗੀ ਲੋਕਾਂ ਦੀ ਬਜਾਏ ਅਮੀਰ ਲੋਕਾਂ ਅਤੇ ਉਦਯੋਗਪਤੀਆਂ ਦੇ ਪੱਖ ਵਿੱਚ ਜਾਪਦਾ ਹੈ।

**ਕਿਰਸਾਨੀ ਅਤੇ ਖੇਤੀਬਾੜੀ ਖੇਤਰ ਉੱਪਰ ਪ੍ਰਭਾਵ :** ਜੇਕਰ ਪੇਂਡੂ ਖੇਤਰ, ਕਿਰਸਾਨੀ ਅਤੇ ਖੇਤੀਬਾੜੀ ਖੇਤਰ 'ਤੇ ਪੈਣ ਵਾਲੇ ਪ੍ਰਭਾਵਾਂ ਦੀ ਗੱਲ ਕਰੀਏ ਤਾਂ ਇਸ ਸਕੀਮ ਦੇ ਖੇਤੀ ਖੇਤਰ ਉੱਪਰ ਬਹੁਤ ਹੀ ਮਾਰੂ ਸਿੱਟੇ ਪੈ ਸਕਦੇ ਹਨ। ਸਭ ਤੋਂ ਪਹਿਲਾਂ ਇਸ ਸਕੀਮ ਦੇ ਤਹਿਤ ਕਿਸਾਨ ਨੂੰ ਇੱਕ ਏਕੜ ਜ਼ਮੀਨ ਦੇ ਪਿੱਛੇ 1000 ਵਰਗ ਗਜ (500 ਵਰਗ ਗਜ ਦੇ 2 ਪਲਾਟ) ਰਿਹਾਇਸ਼ੀ ਅਤੇ 200 ਵਰਗ ਗਜ ਦਾ ਵਪਾਰਕ ਪਲਾਟ ਦਿੱਤਾ ਜਾਵੇਗਾ। ਇਸ ਦਾ ਅਰਥ ਇਹ ਹੋਇਆ ਕਿ ਕਿਸਾਨ ਨੂੰ ਉਸ ਦੀ 1 ਏਕੜ ਜ਼ਮੀਨ ਦੇ ਬਦਲੇ 25 ਫੀਸਦੀ ਤੋਂ ਵੀ ਘੱਟ ਰਕਬੇ ਦਾ ਪਲਾਟ ਦਿੱਤਾ ਜਾਵੇਗਾ। ਇਸ ਦੇ ਵੇਰਵੇ ਹੇਠ ਲਿਖੇ (ਸਾਰਣੀ-1) ਅਨੁਸਾਰ ਹੈ।

ਸਾਰਣੀ-1 : ਪੰਜਾਬ ਲੈਂਡ ਪੂਲਿੰਗ ਸਕੀਮ ਅਧੀਨ ਕਿਸਾਨ ਵੱਲੋਂ ਦਿੱਤੀ ਜਾਣ ਜ਼ਮੀਨ ਅਤੇ ਬਦਲੇ ਵਿੱਚ ਮਿਲਣ ਵਾਲੇ ਪਲਾਟ ਦਾ ਵੇਰਵਾ

| ਕਿਸਾਨ ਦੁਆਰਾ ਦਿੱਤੀ ਜਾਣ ਵਾਲੀ ਜ਼ਮੀਨ | ਕਿਸਾਨ ਨੂੰ ਦਿੱਤਾ ਜਾਣ ਵਾਲਾ ਪਲਾਟ |
|---|---|
| 1 ਏਕੜ = 8 ਕਨਾਲ (1 ਕਨਾਲ = 20 ਮਰਲੇ) = 160 ਮਰਲੇ | 1000 ਵਰਗ ਗਜ ਰਿਹਾਇਸ਼ੀ = 33.057 ਮਰਲੇ<br>200 ਵਰਗ ਗਜ ਵਪਾਰਕ = 06.610 ਮਰਲੇ<br>39.667 ਮਰਲੇ<br>(1 ਵਰਗ ਗਜ = 0.033057 ਮਰਲੇ) |


ਇਸ ਤਰ੍ਹਾਂ ਕਿਸਾਨ ਨੂੰ 1 ਏਕੜ ਜ਼ਮੀਨ ਦੇ ਬਦਲੇ 2 ਕਨਾਲ (40 ਮਰਲੇ) ਤੋਂ ਵੀ ਘੱਟ ਰਕਬਾ ਮਿਲੇਗਾ। ਜਦੋਂਕਿ ਪੰਜਾਬ ਵਿੱਚ ਲੁਧਿਆਣਾ ਖੇਤਰ ਦੇ ਨਾਲ ਲੱਗਦੇ ਪਿੰਡਾਂ ਵਿੱਚ ਜ਼ਮੀਨਾਂ ਦੇ ਰੇਟ ਹੀ 4-5 ਕਰੋੜ ਅਤੇ ਇਸ ਤੋਂ ਵੀ ਵੱਧ ਹਨ। ਦੂਸਰੇ ਪਾਸੇ ਕਿਸਾਨ ਆਪਣੀ ਉਪਜਾਊ ਜ਼ਮੀਨ ਉਪਰ ਹਾੜ੍ਹੀ-ਸਾਉਣੀ ਦੀ ਫਸਲ ਦੇ ਨਾਲ ਕਈ ਸਬਜੀਆਂ ਦੀ ਵੀ ਕਾਸ਼ਤ ਕਰਕੇ 3-4 ਫਸਲਾਂ ਉਗਾ ਕੇ ਚੰਗੀ ਆਮਦਨ ਵੀ ਪ੍ਰਾਪਤ ਕਰ ਲੈਂਦਾ ਹੈ। ਪਰ ਦੂਸਰੇ ਪਾਸੇ ਕਿਸਾਨ ਕੋਲ ਇਹਨਾ ਪਲਾਟਾਂ ਤੋਂ ਕਿਹੜੀ ਆਮਦਨ ਹੋਵੇਗੀ, ਕਿਉਂਕਿ ਪੰਜਾਬ ਦੇ ਕਿਸਾਨ ਜ਼ਿਆਦਾਤਰ ਖੇਤੀਬਾੜੀ ਤੋਂ ਬਿਨ੍ਹਾਂ ਵਪਾਰਕ ਖੇਤਰ ਵਿੱਚ ਕਾਰੋਬਾਰ ਸ਼ੁਰੂ ਕਰਨ ਦੀ ਸੂਝ-ਬੂਝ ਤੋਂ ਅਣਜਾਣ ਹੁੰਦੇ ਹਨ। ਬਹੁਤੀ ਵਾਰ ਇਹ ਦੇਖਣ ਨੂੰ ਮਿਲਿਆ ਹੈ ਕਿ ਜੇਕਰ ਕਿਸਾਨ ਜ਼ਮੀਨ ਵੇਚ ਬੈਠਦਾ ਹੈ ਜਾਂ ਉਸ ਦੀ ਜ਼ਮੀਨ ਐਕੁਆਇਰ ਹੋ ਜਾਂਦੀ ਹੈ ਤਾਂ ਉਹ ਜਾਂ ਤਾਂ ਦੁਬਾਰਾ ਜ਼ਮੀਨ ਹੀ ਖਰੀਦਦਾ ਹੈ, ਨਹੀਂ ਤਾਂ ਉਸ ਦਾ ਪੈਸਾ ਵਿਅਰਥ ਹੀ ਮਹਿੰਗੀਆਂ ਕਾਰਾਂ, ਕੋਠੀਆਂ ਅਤੇ ਕੀਮਤੀ ਚੀਜ਼ਾਂ ਉਪਰ ਲੱਗਣ ਕਰਕੇ ਆਮਦਨ ਦੇ ਸਾਧਨ ਤੋਂ ਹੱਥ ਧੋ ਬੈਠਦਾ ਹੈ। ਇਸ ਤਰ੍ਹਾਂ ਇਸ ਸਕੀਮ ਦੇ ਤਹਿਤ ਕਿਸਾਨਾਂ ਦੀ ਰੋਜ਼ੀ ਰੋਟੀ, ਆਮਦਨ ਅਤੇ ਰੁਜਗਾਰ ਉਪਰ ਮਾਰੂ ਪ੍ਰਭਾਵ ਪੈ ਸਕਦਾ ਹੈ। ਪੰਜਾਬ ਵਿੱਚ ਜ਼ਮੀਨ ਕਿਸਾਨ ਦੀ ਸਭ ਤੋਂ ਵੱਡੀ ਸੰਪਤੀ ਹੁੰਦੀ ਹੈ, ਜੋ ਕਿ ਜ਼ਿਆਦਾਤਰ ਉਸ ਨੂੰ ਪੀੜੀ ਦਰ ਪੀੜੀ ਵਿਰਾਸਤ ਵਿੱਚੋਂ ਮਿਲੀ ਹੁੰਦੀ ਹੈ। ਇਸ ਤਰ੍ਹਾਂ ਇਸ ਫੈਸਲੇ ਨਾਲ ਕਿਸਾਨਾਂ ਨੂੰ ਆਪਣੀ ਪੀੜੀਆਂ ਤੋਂ ਚੱਲੀ ਆ ਰਹੀ ਜ਼ਾਇਦਾਦ ਤੋਂ ਹੱਥ ਧੋਣੇ ਪੈ ਸਕਦੇ ਹਨ ਅਤੇ ਇਹ ਫੈਸਲਾ ਕਿਸਾਨਾਂ ਅਤੇ ਮਜ਼ਦੂਰਾਂ ਨੂੰ ਗਰੀਬੀ ਅਤੇ ਬੇਰੁਜ਼ਗਾਰੀ ਵੱਲ ਧੱਕ ਦੇਵੇਗਾ। ਖੇਤੀਬਾੜੀ ਜਨਗਣਨਾ 2015-2016 ਦੇ ਅਨੁਸਾਰ ਲੁਧਿਆਣਾ ਜਿਲ੍ਹੇ ਵਿੱਚ ਕਿਸਾਨਾਂ ਕੋਲ ਔਸਤਨ ਜੋਤਾਂ (ਜ਼ਮੀਨ) ਦੀ 3.86 ਹੈਕਟੇਅਰ (9.5 ਏਕੜ) ਮਾਲਕੀ ਹੈ। ਇਸ ਸਕੀਮ ਦੇ ਤਹਿਤ ਇਕੱਲੇ ਲੁਧਿਆਣਾ ਖੇਤਰ ਵਿੱਚ ਹੀ 24311 ਏਕੜ ਜ਼ਮੀਨ ਗ੍ਰਹਿਣ ਕਰਨ ਦੇ ਫੈਸਲੇ ਨਾਲ ਤਕਰੀਬਨ 2560 ਕਿਸਾਨੀ ਪਰਿਵਾਰਾਂ ਅਤੇ ਇਸ ਤੋਂ ਇਲਾਵਾ ਸਬੰਧਤ ਮਜ਼ਦੂਰ ਵਰਗ ਦੀ ਰੋਜ਼ੀ-ਰੋਟੀ, ਆਮਦਨ ਅਤੇ ਰੁਜ਼ਗਾਰ ਉਪਰ ਮਾਰੂ ਪ੍ਰਭਾਵ ਪੈ ਸਕਦਾ ਹੈ।

**ਕਾਨੂੰਨੀ ਪੱਖ :** ਜੇਕਰ ਕਾਨੂੰਨੀ ਪੱਖ ਤੋਂ ਦੇਖਿਆ ਜਾਵੇ ਤਾਂ ਇਸ ਸਕੀਮ ਦੇ ਨਿਯਮ ਭੂਮੀ ਗ੍ਰਹਿਣ, ਪੁਨਰਵਾਸ ਵਿੱਚ ਯੋਗ ਮੁਆਵਜਾ ਅਤੇ ਪਾਰਦਰਸ਼ਤਾ ਦਾ ਅਧਿਕਾਰ ਐਕਟ 2013 ਦੀ ਕਸਵਟੀ 'ਤੇ ਵੀ ਖਰ੍ਹੇ ਨਹੀਂ ਉਤਰਦੇ ਹਨ। ਇਸ ਐਕਟ ਦੀ ਧਾਰਾ 10 ਵਿੱਚ ਖਾਦ ਸੁਰੱਖਿਆ ਦੇ ਮੱਦੇਨਜਰ ਇਹ ਕਿਹਾ ਗਿਆ ਹੈ ਕਿ ਬਹੁ-ਫਸਲੀ ਅਤੇ ਸਿੰਚਾਈ ਵਾਲੀ ਜ਼ਮੀਨ ਨੂੰ ਰੇਲਵੇ, ਹਾਈਵੇ, ਵੱਡੀਆਂ ਜ਼ਿਲ੍ਹਾ ਸੜਕਾਂ, ਸਿੰਚਾਈ ਲਈ ਨਹਿਰਾਂ, ਪਾਵਰ ਲਾਈਨਾਂ ਵਰਗੇ ਪ੍ਰੋਜੈਕਟਾਂ ਬਿਨ੍ਹਾਂ ਕਿਸੇ ਹੋਰ ਕੰਮ ਲਈ ਗ੍ਰਹਿਣ ਨਹੀਂ ਕੀਤਾ ਜਾਵੇਗਾ। ਜੇਕਰ ਫਿਰ ਵੀ ਖੇਤੀ ਅਧੀਨ ਬਹੁ-ਫਸਲੀ ਅਤੇ ਸਿੰਚਾਈ ਵਾਲੀ ਉਪਜਾਊ ਜ਼ਮੀਨ ਨੂੰ ਗ੍ਰਹਿਣ ਕੀਤਾ ਵੀ ਜਾਂਦਾ ਹੈ ਤਾਂ ਇਹ ਜ਼ਿਲ੍ਹੇ ਦੇ ਨਿਰੋਲ ਬੀਜੇ ਹੋਏ ਰਕਬੇ ਦੀ ਇੱਕ ਸਥਿਰ ਮਿਆਦ ਤੋਂ ਵੱਧ ਨਹੀਂ ਕੀਤਾ ਜਾ ਸਕਦਾ ਅਤੇ ਸਰਕਾਰ ਦੁਆਰਾ ਇਸ ਦੇ ਬਦਲੇ ਖੇਤੀਯੋਗ ਖਾਲੀ ਪਈ ਜ਼ਮੀਨ ਨੂੰ ਖੇਤੀ ਅਧੀਨ ਵਿਕਸਿਤ ਕੀਤਾ ਜਾਵੇਗਾ ਤਾਂ ਜੋ ਦੇਸ਼ ਵਿੱਚ ਖੁਰਾਕੀ ਸੰਕਟ ਪੈਦਾ ਨਾ ਹੋਵੇ। ਲੁਧਿਆਣਾ ਪੰਜਾਬ ਦੇ ਕੇਂਦਰੀ ਖਿੱਤੇ ਵਿੱਚ ਸਥਿਤ ਹੋਣ ਕਾਰਨ ਬਹੁਤ ਹੀ ਉਪਜਾਊ ਇਲਾਕਾ ਹੈ ਅਤੇ ਪੰਜਾਬ ਦੇ ਅੰਨ ਭੰਡਾਰ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਇਕੱਲਾ ਲੁਧਿਆਣਾ ਜਿਲ੍ਹਾ ਰਾਜ ਦੇ ਕੁੱਲ ਕਣਕ ਦੇ ਉਤਪਾਦਨ ਵਿੱਚ 7 ਫੀਸਦੀ, ਚੌਲਾਂ ਵਿੱਚ 9 ਫੀਸਦੀ ਉਤਪਾਦਨ, ਆਲੂ ਵਿੱਚ 16 ਫੀਸਦੀ (ਰਕਬਾ ਅਤੇ ਪੈਦਾਵਾਰ) ਅਤੇ ਸਬਜੀਆਂ 17 ਫੀਸਦੀ (ਰਕਬਾ ਅਤੇ ਪੈਦਾਵਾਰ) ਯੋਗਦਾਨ ਪਾਉਂਦਾ ਹੈ। ਇਸ ਸਕੀਮ ਦੇ ਤਹਿਤ ਖਾਧ ਸੁਰੱਖਿਆ ਦੇ ਮਸਲੇ ਨੂੰ ਬਿਲਕੁਲ ਵੀ ਵਿਚਾਰਿਆ ਨਹੀਂ ਲੱਗਦਾ। ਇਸ ਐਕਟ ਦੇ ਧਾਰਾ 2 ਅਨੁਸਾਰ ਭੂਮੀ ਗ੍ਰਹਿਣ ਕਰਨ ਸਮੇਂ ਪੂਰੀ ਪਾਰਦਰਸ਼ਤਾ ਵਰਤੀ ਜਾਵੇਗੀ। ਜਿਸ ਦੇ ਤਹਿਤ ਨਿੱਜੀ ਕੰਪਨੀਆਂ ਵੱਲੋਂ ਭੂਮੀ ਗ੍ਰਹਿਣ ਕਰਨ ਸਮੇਂ ਘੱਟੋਂ ਘੱਟ 80 ਫੀਸਦੀ ਪ੍ਰਭਾਵਿਤ ਪਰਿਵਾਰਾਂ ਦੀ ਸਹਿਮਤੀ ਲਈ ਜਾਵੇਗੀ ਅਤੇ ਸਰਕਾਰੀ ਨਿੱਜੀ ਭਾਈਵਾਲੀ ਖੇਤਰ ਵਾਲੇ ਪ੍ਰੋਜੈਕਟਾਂ ਲਈ ਘੱਟ ਘੱਟ 70 ਫੀਸਦੀ ਪ੍ਰਭਾਵਿਤ ਪਰਿਵਾਰਾਂ ਦੀ ਸਹਿਮਤੀ ਲਈ ਜਾਵੇਗੀ। ਇਸ ਤੋਂ ਇਲਾਵਾ ਭੂਮੀ ਗ੍ਰਹਿਣ ਕਰਨ ਨਾਲ ਉਥੋਂ ਦੇ ਪ੍ਰਭਾਵਿਤ ਪਰਿਵਾਰਾਂ ਉਪਰੋਂ ਕੀ-ਕੀ ਅਤੇ ਕਿੰਨਾ ਕੁ ਪ੍ਰਭਾਵ ਪਵੇਗਾ, ਉਸ ਦਾ ਅੰਦਾਜਾ ਲਗਾਉਣ ਲਈ ਧਾਰਾ 4 ਦੇ ਤਹਿਤ ਸਮਾਜਿਕ ਪ੍ਰਭਾਵ ਵਿਸ਼ਲੇਸ਼ਣ ਅਧਿਐਨ ਕਰਵਾਇਆ ਜਾਵੇਗਾ। ਇਹ ਅਧਿਐਨ ਉਥੋਂ ਦੇ ਪੰਚਾਇਤ, ਨਗਰ ਨਿਗਮ ਅਤੇ ਨਗਰਪਾਲਿਕਾ ਨਾਲ ਤਾਲਮੇਲ ਕਾਇਮ ਕਰ ਕੇ ਇੱਕ ਮਾਹਿਰਾਂ ਦੀ ਟੀਮ (ਧਾਰਾ-7) ਦੁਆਰਾ ਕੀਤਾ ਜਾਵੇਗਾ ਜਿਸ ਦੀ ਰਿਪੋਰਟ / ਖਰੜਾ ਤਿਆਰ ਕਰਦੇ ਸਮੇਂ ਜਨਤਾ ਦੇ ਬਿਆਨ (ਧਾਰਾ-5) ਵੀ ਸੁਣੇ ਜਾਣਗੇ। ਇਸ ਅਧਿਐਨ ਅਤੇ ਪ੍ਰਬੰਧ ਯੋਜਨਾ ਦੀ ਰਿਪੋਰਟ ਸਥਾਨਕ ਭਾਸ਼ਾ ਵਿੱਚ ਪ੍ਰਭਾਵਿਤ ਖੇਤਰ ਦੇ ਲੋਕਲ ਪੱਧਰ 'ਤੇ ਸਰਕਾਰ (ਪੰਚਾਇਤ / ਨਗਰਪਾਲਿਕਾ / ਨਗਰ ਨਿਗਮ), ਡੀ. ਸੀ., ਐਸ. ਡੀ. ਐਮ. ਨੂੰ ਮੁਹੱਈਆ ਕੀਤੀ ਜਾਵੇਗੀ ਅਤੇ ਬਾਅਦ ਵਿੱਚ ਵੈਬਸਾਈਟ 'ਤੇ ਅਪਲੋਡ ਕੀਤੀ ਜਾਵੇਗੀ। ਇਸ ਦੇ ਨਾਲ ਹੀ ਵਾਤਾਵਰਨ ਉੱਪਰ ਪੈਣ ਵਾਲੇ ਪ੍ਰਭਾਵਾਂ ਧਾਰਾ-6 ਦਾ ਵੀ ਅਧਿਐਨ ਕੀਤਾ ਜਾਵੇਗਾ। ਧਾਰਾ 31 ਅਤੇ 32 ਦੇ ਅਨੁਸਾਰ ਜਿਲ੍ਹਾ ਕੁਲੈਕਟਰ ਪ੍ਰਭਾਵਿਤ ਪਰਿਵਾਰਾਂ ਦੇ ਮੁੜ ਵਸੇਬੇ ਅਤੇ ਪੁਨਰਵਾਸ ਦੇ ਪ੍ਰਬੰਧ ਲਈ ਮੁਆਵਜਾ, ਬੁਨਿਆਦੀ ਢਾਂਚਾ, ਲੋੜੀਂਦੀ ਜਗ੍ਹਾ ਅਤੇ ਹੋਰ ਸਹੂਲਤਾਂ ਮੁਹੱਈਆ ਕਰਵਾਏਗਾ। ਇਸ ਤਰ੍ਹਾਂ ਇਸ ਸਕੀਮ ਵਿੱਚ ਨਾਂ ਤਾਂ ਪ੍ਰਭਾਵਿਤ ਲੋਕਾਂ ਦੀ ਸਹਿਮਤੀ ਲਈ ਜਾਣ ਦੀ ਵਿਵਸਥਾ ਹੈ ਅਤੇ ਨਾਂ ਹੀ ਸਿੱਧੇ ਅਤੇ ਅਸਿੱਧੇ ਤੌਰ 'ਤੇ ਪ੍ਰਭਾਵਿਤ ਲੋਕਾਂ ਦੀ ਸਮਾਜਿਕ ਪ੍ਰਭਾਵ ਵਿਸ਼ਲੇਸ਼ਣ ਅਧਿਐਨ ਕਰਵਾਉਣ ਦੀ ਗੱਲ ਕੀਤੀ ਗਈ ਹੈ। ਇਸ ਤੋਂ ਇਲਾਵਾ ਪ੍ਰਭਾਵਿਤ ਲੋਕਾਂ ਦੇ ਪੁਨਰਵਾਸ ਅਤੇ ਮੁੜ ਵਸੇਬੇ ਸਬੰਧੀ ਕੋਈ ਵੀ ਪੁਖਤਾ ਪ੍ਰਬੰਧ ਅਤੇ ਮੁਆਵਜੇ ਬਾਰੇ ਨਹੀਂ ਦੱਸਿਆ ਗਿਆ ਹੈ।

ਅੰਤ ਵਿੱਚ ਇਸ ਲੈਂਡ ਪੂਲਿੰਗ ਸਕੀਮ ਦੇ ਫੈਸਲੇ ਨੂੰ ਮੁੜ ਤੋਂ ਵਿਚਾਰਨ ਦੀ ਲੋੜ ਹੈ, ਕਿਉਕਿ ਪੰਜਾਬ ਵਿੱਚ ਸ਼ਹਿਰੀਕਰਨ ਤਾਂ ਪਹਿਲਾਂ ਹੀ ਬਹੁਤ ਜ਼ਿਆਦਾ ਹੈ। ਦੂਸਰੇ ਪਾਸੇ ਭੂਮੀ ਗ੍ਰਹਿਣ ਕਰਨ ਨਾਲ ਜਿੱਥੇ ਕਿਸਾਨਾਂ ਦੀ ਸੰਪਤੀ, ਆਮਦਨ, ਰੁਜ਼ਗਾਰ ਅਤੇ ਉਪਜੀਵਿਕਾ ਖੁੱਸਣ ਦਾ ਡਰ ਹੈ, ਉੱਥੇ ਸੂਬੇ ਅਤੇ ਦੇਸ਼ ਪੱਧਰ 'ਤੇ ਵਾਤਾਵਰਣ ਮਾਰੂ, ਖੁਰਾਕੀ ਸੰਕਟ, ਗਰੀਬੀ ਅਤੇ ਬੇਰੁਜ਼ਗਾਰੀ ਵਰਗੀਆਂ ਆਰਥਿਕ ਸਮੱਸਿਆਵਾਂ ਪੈਦਾ ਹੋਣ ਦਾ ਵੀ ਡਰ ਹੈ। ਇਸ ਤੋਂ ਇਲਾਵਾ ਸਿੰਚਾਈ ਅਤੇ ਫ਼ਸਲੀ ਜ਼ਮੀਨਾਂ ਨੂੰ ਗ੍ਰਹਿਣ ਕਰਨ ਦੇ ਫੈਸਲੇ ਤੋਂ ਪਹਿਲਾਂ ਖਾਦ ਸੁਰੱਖਿਆ ਦੇ ਮਸਲੇ ਨੂੰ ਜ਼ਰੂਰ ਵਿਚਾਰਿਆ ਜਾਣਾ ਚਾਹੀਦਾ ਹੈ। ਪੰਜਾਬ ਦੀ ਮਿੱਟੀ, ਪੌਣ-ਪਾਣੀ ਅਤੇ ਵਿਕਸਿਤ ਸਿੰਚਾਈ ਇੱਥੋਂ ਦੀਆਂ ਜ਼ਮੀਨਾਂ ਲਈ ਖੇਤੀ ਅਨੁਕੂਲਿਤ ਹੈ ਅਤੇ ਇਸ ਨਾਲ ਪੰਜਾਬ ਦੀ ਖੇਤੀ ਅਤੇ ਕਿਰਸਾਣੀ 'ਤੇ ਬੁਰਾ ਪ੍ਰਭਾਵ ਪੈ ਸਕਦਾ ਹੈ।

# ਰੁੱਖਾਂ ਦਾ ਮਹੱਤਵ ਭੁੱਲ ਬੈਠੇ ਹਨ ਪੰਜਾਬੀ

ਵੈਸੇ ਤਾਂ ਪੰਜਾਬ ਵਿਚ ਹਰ ਸਾਲ ਹਾੜ੍ਹੀ ਅਤੇ ਸਾਉਣੀ ਦੀ ਫਸਲ ਤੋਂ ਬਾਅਦ ਮੁੱਢ ਸਾੜਨ ਲਈ ਲਾਈ ਜਾਂਦੀ ਅੱਗ ਗਹਿਰੇ ਚਿੰਤਨ ਦਾ ਵਿਸ਼ਾ ਬਣਦੀ ਰਹੀ ਹੈ ਪਰ ਇਸ ਸਾਲ ਜਿਸ ਬੇਤਹਾਸ਼ਾਗੀ ਨਾਲ ਇਹ ਕਾਰਾ ਕੀਤਾ ਗਿਆ ਹੈ, ਉਸ ਨੇ ਹਰ ਚੇਤੰਨ ਵਿਅਕਤੀ ਨੂੰ ਸੋਚਣ ਲਾ ਦਿੱਤਾ ਹੈ। ਇਹ ਵਰਤਾਰਾ ਕਈ ਪੱਧਰਾਂ 'ਤੇ ਵਿਚਾਰਨਯੋਗ ਹੈ। ਸੁਆਲ ਪੈਦਾ ਹੁੰਦਾ ਹੈ ਕਿ, ਕਿ ਇਹ ਘੋਰ ਨਿਰਾਸ਼ਾ ਵਿਚੋਂ ਉਪਜਿਆ ਅਮਲ ਹੈ ਜਾਂ ਅਗਿਆਨਤਾ ਅਤੇ ਬੇਪਰਵਾਹੀ ਵਿਚੋਂ। ਇਹ ਮਜਬੂਰੀ ਹੈ ਜਾਂ ਮਗਰੂਰੀ ? ਕੀ ਇਹ 'ਜਿਸ ਖੇਤ ਦਹਿਕਾਂ ਕੋ ਮੁਯੱਸਰ ਨਾ ਹੋ ਰੋਜ਼ੀ, ਉਸ ਖੇਤ ਕੇ ਹਰ ਗੋਸ਼ਾ-ਏ-ਗੰਦਮ ਕੋ ਜਲਾ ਡਾਲੋ' ਵਿਚੋਂ ਉਪਜਿਆ ਹੈ ਜਾਂ ਇਹ ਘੋਰ ਪਦਾਰਥਵਾਦ ਦੀ ਹੋੜ ਵਿਚੋਂ ਉੱਭਰਿਆ ਵਰਤਾਰਾ ਹੈ ? ਬਹੁ-ਗਿਣਤੀ ਇਹ ਮਹਿਸੂਸ ਕਰਦੀ ਹੈ ਕਿ ਇਸ ਵਰਤਾਰੇ ਵਿਚੋਂ ਇਹ ਤੱਥ ਸਾਫ ਉੱਭਰ ਕੇ ਸਾਹਮਣੇ ਆਉਂਦਾ ਹੈ ਕਿ ਅਸੀਂ ਆਪਣੀ ਲਾਭ-ਪ੍ਰਾਪਤੀ-ਕੇਂਦਰਿਤ ਸੋਚ ਅਧੀਨ ਸਭਿਆਚਾਰਕ ਵਿਰਾਸਤੀ ਕਦਰਾਂ ਕੀਮਤਾਂ ਅਤੇ ਆਪਣੇ ਧਾਰਮਿਕ ਅਕੀਦਿਆਂ ਨੂੰ



ਦੂਰ ਪਰ੍ਹਾਂ ਵਗਾਅ ਮਾਰਿਆ ਹੈ। ਜਿਸ ਕਦਰ ਅਸੀਂ ਵਾਤਾਵਰਨ ਨਾਲ ਖਿਲਵਾੜ ਕਰ ਰਹੇ ਹਾਂ ਕੌਣ ਮੰਨਿਗਾ ਕਿ ਅਸੀਂ ਉਸ ਗੁਰੂ ਦੇ ਸਿੱਖ ਹਾਂ ਜਿਸ ਫੁਰਮਾਇਆ ਸੀ, 'ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ' ॥ ਸਾਡੇ ਗੁਰੂਆਂ ਨੇ ਤਾਂ ਪਰਮਾਤਮ-ਪਿਤਾ ਅਤੇ ਉਸਦੀ ਇਸ ਸਿਰਜਣਾ ਨੂੰ ਇੱਕ ਰੁੱਖ-ਰੂਪੀ ਹਸਤੀ ਨਾਲ ਤਸ਼ਬੀਹ ਦੇਂਦਿਆਂ ਕਿਹਾ ਸੀ, 'ਤੂੰ ਪੇਡੁ ਸਾਖ ਤੇਰੀ ਫੂਲੀ'।

ਅਸੀਂ ਭੁੱਲ ਹੀ ਗਏ ਹਾਂ ਕਿ ਸਾਡਾ ਜੀਵਨ ਕੁਦਰਤ ਦੀ ਸਾਜੀ ਇਸ ਸ੍ਰਿਸ਼ਟੀ ਦਾ ਹੀ ਇਕ ਹਿੱਸਾ ਹੈ। ਰੁੱਖ, ਬਿਰਖ, ਦਰਖਤ ਜਾਂ ਤਰਵਰ ਸਾਡਾ ਜੀਵਨ ਸਰੋਤ ਹਨ, ਕਿਉਂਕਿ ਅਸੀਂ ਸਾਹਧਾਰੀ ਜੀਵ ਇਨ੍ਹਾਂ ਰੁੱਖਾਂ ਵਲੋਂ ਬਖਸ਼ੀ ਆਕਸੀਜਨ ਦੀ ਬਦੌਲਤ ਹਾਂ। ਇਹ ਰੁੱਖ ਅਸੀਮ ਬਰਕਤਾਂ ਬਖਸ਼ਣ ਵਾਲੇ ਹਨ, ਆਪਣੇ ਨਿਰਬਾਹ ਲਈ ਇਹ ਸਾਥੋਂ ਕੁੱਝ ਖਾਸ ਨਹੀਂ ਮੰਗਦੇ ਪਰ ਮੁੱਦਤਾਂ ਤੱਕ ਆਪਣੀ ਜੀਵਨ ਕਿਰਿਆ ਦੌਰਾਨ ਸਾਨੂੰ ਅਨੇਕਾਂ ਦਾਤਾਂ ਪ੍ਰਦਾਨ ਕਰਦੇ ਹਨ। ਇਹ ਤਾਂ ਉਸ ਲੱਕੜਹਾਰੇ ਨੂੰ ਵੀ ਛਾਂ ਬਖਸ਼ਦੇ ਹਨ ਜੋ ਇਨ੍ਹਾਂ ਨੂੰ ਵੱਢਣ ਆਉਂਦਾ ਹੈ। ਪਹਿਲੀ ਗੱਲ ਤਾਂ ਕੁਦਰਤ ਨੇ ਸਾਨੂੰ ਬਹੁਤ ਸਾਰੇ ਜੰਗਲ ਦਿੱਤੇ ਹੀ ਨਹੀਂ ਸਨ ਕਿਉਂਕਿ ਸਾਡਾ ਖੇਤਰ ਮੈਦਾਨੀ ਹੈ, ਪਰ ਵੱਧ ਉਪਜ ਦੀ ਹੋੜ ਵਿਚ ਅਸੀਂ ਕੁਦਰਤ ਵਲੋਂ ਬਖਸ਼ੇ ਰੁੱਖਾਂ ਦਾ ਖੂਬ ਵਢਾਂਗਾਂ ਕੀਤਾ ਅਤੇ ਲੱਗੇ ਹੋਏ ਬਾਗਾਂ ਨੂੰ ਵੀ ਹੌਲੀ-ਹੌਲੀ ਖਤਮ ਕਰ ਦਿੱਤੇ। ਬਾਗ ਜੋ ਕਿ ਪ੍ਰਕਿਰਤੀ ਦਾ ਅਤਿ ਮਨ-ਲੁਭਾਉਣਾ ਸੰਕੁਚਿਤ-ਸੰਸਾਰ ਸੀ। ਇਸ ਸਾਵੇ ਸੰਸਾਰ ਵਿਚ ਬਨਸਪਤੀ ਵੀ ਸੀ, ਜੀਵ-ਜੰਤੂ ਵੀ ਸਨ, ਰੌਣਕ-ਮੇਲੇ ਵੀ ਹੈ ਸਨ। ਵਣ-ਤ੍ਰਿਣ, ਜੀਵ-ਜੰਤੂ, ਆਬੋ-ਹਵਾ ਸਭੇ ਸਾਂਝੀਵਾਲ ਸਦਾਇਨ ਹੋ ਜਾਂਦੇ ਸਨ। ਖਾਸ ਤੌਰ 'ਤੇ ਜੇ ਬਾਗ ਪਿੰਡ ਦੇ ਲਾਗੇ-ਚਾਗੇ ਹੋਵੇ, ਤਾਂ ਗਰਮੀ ਦੇ ਦਿਨਾਂ ਵਿਚ ਕਿਆ ਵਾਤਾਵਰਨ-ਦੋਸਤਾਨਾ ਸੰਸਾਰ ਸਿਰਜਿਆ ਜਾਂਦਾ ਸੀ। ਕਾਂ-ਕਬੂਤਰ-ਤੋਤੇ ਆਦਿ ਆਪਣਾ ਆਪਣਾ ਰਾਗ ਅਲਾਪਦੇ, ਚੰਬੇ-ਮਰੂਏ ਦੇ ਫੁੱਲ ਜਵਾਨੀ ਨੂੰ ਨਸ਼ਿਆਉਂਦੇ, ਮੋਰ ਪੈਲਾਂ ਪਏ ਪਾਉਂਦੇ, ਨਿਆਣੇ ਗਿੱਦੜ-ਟਿੱਲਾ ਅਤੇ ਲੁਕਣ-ਮੀਚੀ ਪਏ ਖੇਡਦੇ, ਜਵਾਨੀ ਪੀਂਘ-ਹੁਲਾਰੇ ਲੈਂਦੀ ਅਤੇ ਬੁਢਾਪਾ ਰੁੱਖਾਂ ਦਾ ਢਾਸਣਾ ਲਾਈ ਛਾਂ ਦਾ ਸੁੱਖ ਮਾਣਦਿਆਂ ਦੁਪਹਿਰੇ ਘੁਰਾੜੇ ਮਾਰ ਲੈਂਦਾ।

ਅਸੀਂ ਪੰਜਾਬੀ ਪੁੰਨ ਅਤੇ ਪਾਪ ਦਾ ਧਾਰਨੀ ਹੋ ਕੇ ਬੜਾ ਸਹਿਜ ਜੀਵਨ ਜੀਵੀ ਜਾਂਦੇ ਸਾਂ। ਸਾਡੇ ਬਜ਼ੁਰਗ ਤਾਂ ਰਾਤ ਨੂੰ ਰੁੱਖ ਦੀ ਟਹਿਣੀ ਨੂੰ ਹਲਾਉਣ ਤੱਕ ਨਹੀਂ ਸਨ ਦਿੰਦੇ, ਕਹਿੰਦੇ ਸਨ ਰੁੱਖ ਸੌਂ ਰਿਹੈ। ਇਸ ਨੂੰ ਪ੍ਰੇਸ਼ਾਨ ਕਰਨ ਵਾਲੇ ਨੂੰ ਪਾਪ ਲਗਦੈ। ਪਿੱਪਲ ਅਤੇ ਬੋਹੜ ਦੇ ਵੱਡ-ਆਕਾਰੀ ਰੁੱਖਾਂ ਨੂੰ ਤਾਂ ਬਜ਼ੁਰਗਾਂ ਵਾਲਾ ਪਿਆਰ-ਸਤਿਕਾਰ ਮਿਲਦਾ ਸੀ। ਇਨ੍ਹਾਂ ਰੁੱਖਾਂ ਕੋਲੋਂ ਗੁਜ਼ਰਨ ਲੱਗਿਆਂ ਔਰਤਾਂ ਇੰਝ ਘੁੰਡ ਕੱਢ ਲੈਂਦੀਆਂ ਸਨ ਜਿਵੇਂ ਬਜ਼ੁਰਗਾਂ ਕੋਲੋਂ ਕੱਢੀਦਾ ਹੈ। ਪਿੱਪਲ ਨੂੰ ਤਾਂ ਸਭ ਤੋਂ ਵੱਧ ਮਹਾਤਮ ਮਿਲਦਾ ਸੀ। ਪੁਰਾਤਨ ਸਮਿਆਂ ਵਿਚ ਗੁਰਦੁਆਰਿਆਂ, ਮੰਦਰਾਂ, ਧਰਮਸ਼ਾਲਾਵਾਂ ਅਤੇ ਜਨਤਕ ਸਥਾਨਾਂ ਤੇ ਖਾਸ ਤੌਰ 'ਤੇ ਸ਼ਮਸ਼ਾਨ-ਭੂਮੀ ਵਿਚ ਪਿੱਪਲ ਲਾਇਆ ਜਾਂਦਾ ਜੋ ਵੱਡ-ਅਕਾਰੀ ਹੋਣ ਕਰਕੇ ਵਡੇਰੀ-ਘਨੇਰੀ ਛਾਂ ਵੀ ਬਖਸ਼ਦਾ ਸੀ ਅਤੇ ਰਾਤ ਵੇਲੇ ਵੀ ਆਕਸੀਜਨ ਛੱਡ ਕੇ ਅਤੇ ਕਾਰਬਨ ਡਾਇਆਕਸਾਈਡ ਨਿਗਲ ਕੇ ਸਾਡੀ ਸਾਹ ਪ੍ਰਕਿਰਿਆ ਵਿਚ ਵੱਡਾ ਸਹਾਇਕ ਬਣਦਾ ਸੀ। ਸ਼ਾਇਦ ਇਹੀ ਵਜ੍ਹਾ ਹੈ ਕਿ ਪਿੱਪਲ ਨੂੰ ਤਾਂ ਦੇਵਤਾ ਮੰਨਿਆ ਜਾਣ ਲੱਗਾ ਅਤੇ ਪੂਜਿਆ ਜਾਣ ਲੱਗਾ। ਪੰਜਾਬੀ ਏਨੇ ਸੰਸਕਾਰੀ ਲੋਕ ਸਨ ਕਿ ਪਿੱਪਲ ਦਾ ਰੁੱਖ ਵੱਢਣਾ ਜਾਂ ਇਸਦਾ ਬਾਲਣ ਬਾਲਣਾ ਪਾਪ ਸਮਝਦੇ ਸਨ। ਪਿੱਪਲ ਦਾ ਹਰ ਹਿੱਸਾ ਪਵਿੱਤਰ ਮੰਨਿਆ ਜਾਂਦਾ ਸੀ :

ਪੱਤੇ ਪੱਤੇ ਗੋਵਿੰਦ ਬੈਠਾ
ਟਾਹਣੀ ਟਾਹਣੀ ਦੇਵਤਾ
ਮੁੱਢ 'ਤੇ ਸ੍ਰੀ ਕ੍ਰਿਸ਼ਨ ਬੈਠਾ
ਧੰਨ ਬ੍ਰਹਮਾ ਦੇਵਤਾ

ਪੰਜਾਬੀ ਮਾਨਸਿਕਤਾ ਵਿਚ ਰੁੱਖ ਸਿਰਫ ਏਸ ਕਰਕੇ ਮਹੱਤਵਪੂਰਨ ਨਹੀਂ ਸਨ ਕਿ ਰੁੱਖ ਦੁਨਿਆਵੀ ਕੰਮਾਂ-ਕਾਰਾਂ ਕਰਕੇ ਉਪਯੋਗੀ ਹੁੰਦੇ ਸਨ ਜਾਂ ਹਨ ਬਲਕਿ ਏਸ ਕਰਕੇ ਮਹੱਤਵਪੂਰਨ ਸਨ ਕਿ ਉਹ ਇਸ ਸ੍ਰਿਸ਼ਟੀ ਦਾ ਅਹਿਮ ਅੰਗ ਹਨ। ਰੁੱਖ 'ਹੈਣ'-ਬੱਸ ਇਹੀ ਮਹੱਤਵਪੂਰਨ ਹੈ। ਉਨ੍ਹਾਂ ਦੀ ਹੋਂਦ ਇਸ ਕਾਇਨਾਤ ਵਿਚ ਦਰਵੇਸ਼ਾਂ ਵਰਗੀ ਸਮਝੀ ਜਾਂਦੀ ਸੀ। ਪੰਜਾਬੀਆਂ ਦੀ ਰੁੱਖ-ਪ੍ਰੇਮੀ ਮਾਨਸਿਕਤਾ ਸਾਡੇ ਲੋਕਧਾਰਾ (ਫੋਕ-ਲੋਰ) ਵਿਚ ਉੱਭਰ-ਉੱਭਰ ਪੈਂਦੀ ਹੈ। ਪੰਜਾਬੀ ਸਾਹਿਤ, ਮੁਹਾਵਰਿਆਂ, ਅਖਾਉਤਾਂ, ਰਹੁ-ਰੀਤਾਂ, ਲੋਕ-ਬੁਝਾਰਤਾਂ ਆਦਿ ਵਿਚ ਰੁੱਖ ਇਕ ਜਿਊਂਦਾ-ਜਾਗਦਾ, ਹੱਸਦਾ-ਰੱਸਦਾ, ਮਹਿਸੂਸਦਾ-ਵਿਗਸਦਾ ਪਾਤਰ ਨਜ਼ਰ ਆਉਂਦਾ ਹੈ। ਰੁੱਖ ਦੇਵਤਾ ਹੈ, ਪੂਜਣ-ਯੋਗ ਹੈ, ਬਖਸ਼ਣ-ਸਮਰੱਥ ਹੈ। ਉਸ ਦਾ ਛੋਟਾ ਰੂਪ ਪੁੱਤਰਾਂ ਵਰਗਾ ਹੈ, ਜਿਸ 'ਤੇ ਮੋਹ-ਪਿਆਰ ਆਉਂਦਾ ਹੈ। ਉਸ ਦਾ ਗਭਰੇਟਾ ਰੂਪ ਹਾਣੀਆਂ-ਮਿੱਤਰਾਂ ਵਰਗਾ ਹੈ, ਜਿਸ ਨਾਲ ਦਿਲ ਦੀਆਂ ਬਾਤਾਂ ਛੋਹੀਆਂ ਜਾ ਸਕਦੀਆਂ ਹਨ। ਰੁੱਖ ਦਾ ਵੱਡ-ਵਡੇਰਾ ਰੂਪ ਬਜ਼ੁਰਗਾਂ ਵਰਗਾ ਹੈ, ਜਿਸ ਕੋਲੋਂ ਦਾਤਾਂ ਮੰਗੀਆਂ ਜਾਂਦੀਆਂ ਹਨ ਅਤੇ ਜਿਸ ਤੋਂ ਭੁੱਲਾਂ ਬਖਸ਼ਾਈਆਂ ਜਾਂਦੀਆਂ ਹਨ। ਪੂਜਾ ਕੀਤੀ ਜਾਂਦੀ ਹੈ ਅਤੇ ਥਾਪਨਾ ਦੀ ਯਾਚਨਾ ਕੀਤੀ ਜਾਂਦੀ ਹੈ।

ਪਰ ਅਫਸੋਸ ! ਅੱਜ ਦੇ ਸਮਿਆਂ ਵਿਚ ਬੜਾ ਅਜੀਬ ਲੱਗਦਾ ਹੈ ਕਿ ਅਸੀਂ ਕਿਹੜੀ 'ਆਧੁਨਿਕਤਾ' ਅਧੀਨ ਆਪਣੇ ਆਪ ਨੂੰ 'ਉਨਤਸ਼ੀਲ' ਅਖਵਾਉਂਦੇ ਹਾਂ। ਲੱਖ ਲਾਹਨਤ ਹੈ ਅਜਿਹੀ ਪਦਾਰਥਵਾਦੀ ਸੋਚ ਦੇ ਜੋ ਸਾਨੂੰ ਕੁਦਰਤ ਪ੍ਰਤੀ ਏਨੀ ਸੰਵੇਦਨਹੀਣ ਅਤੇ ਬੇਰੁਖ ਬਣਾ ਦੇਂਦੀ ਹੈ ਕਿ ਅਸੀਂ ਆਪਣੇ ਜ਼ਿੰਦਗੀ-ਸਰੋਤਾਂ ਨੂੰ ਹੀ ਲਾਂਬੂ ਲਾਈ ਜਾਂਦੇ ਹਾਂ। ਕੰਪਿਊਟਰ-ਯੁੱਗ ਵਿਚ ਰੁੱਖਾਂ ਨਾਲ ਕਦੀਮੀ ਸਾਂਝ ਟੁੱਟਣ ਦੀ ਗੱਲ ਤਾਂ ਸਮਝ ਆਉਂਦੀ ਹੈ। 'ਬੂਟਾ ਅੰਬੀ ਦਾ' ਹੁਣ ਸਾਡੇ 'ਵਿਹੜੇ ਦਾ ਗਹਿਣਾ' ਨਾ ਰਵ੍ਹੇ, 'ਉਸ ਥੱਲੇ ਬਹਿਣਾ' 'ਸੁਰਗਾਂ ਵਿਚ ਰਹਿਣਾ' ਨਾ ਵੀ ਰਵੇ, ਕੋਈ ਅਚੰਭੇ ਵਾਲੀ ਗੱਲ ਨਹੀਂ ਪਰ ਅਸੀਂ ਬਿਰਖ-ਬੂਟਿਆਂ ਨੂੰ ਮੁਆਤਾ ਲਾਈ ਜਾਈਏ ਜਾਂ ਬਲਦੇ ਬਿਰਖ ਦੇ ਮਾਤਮ ਵਿਚ ਹਾਅ ਦਾ ਨਾਅਰਾ ਤੱਕ ਨਾ ਮਾਰੀਏ, ਇਹ ਤਾਂ ਗੁਰੂ ਦੇ ਪਿਆਰਿਆਂ ਤੋਂ ਉਮੀਦ ਨਹੀਂ ਕੀਤੀ ਜਾਂਦੀ। ਰੁੱਖ ਸਿਰਫ ਰੁੱਖ ਦੀ ਨਹੀਂ ਹੁੰਦਾ, ਉਹ ਉਸ ਪਰਮਾਤਮਾ ਦੇ ਉਪਜਾਏ ਜੀਵ-ਜੰਤੂਆਂ ਦਾ ਘਰ-ਸੰਸਾਰ ਵੀ ਹੁੰਦਾ ਹੈ :

ਤਰਵਰ ਪੰਖੀ ਬਹੁ ਨਿਸਿ ਬਾਸੁ ॥

ਸਾਨੂੰ ਇਸ 'ਲਾਭ-ਹਿਤਕਾਰੀ ਆਧੁਨਿਕਤਾ' ਨਾਲੋਂ ਉਹ 'ਪੁਰਾਤਨਤਾ' ਕਿਤੇ ਵੱਧ ਭਾਉਂਦੀ ਹੈ, ਜਦੋਂ ਸਾਡਾ ਅੰਨ-ਦਾਤਾ ਆਪਣੇ ਨਾਲੋਂ ਕਿਤੇ ਵੱਧ ਦੂਜੇ ਬਾਰੇ ਸੋਚਦਾ ਸੀ ਅਤੇ ਖੇਤ ਤਿਆਰ ਹੋਣ ਉਪਰੰਤ ਬੀਜ ਦਾ ਛਿੱਟਾ ਮਾਰਨ ਲੱਗਿਆਂ ਖੁਦਾਵੰਦ ਦਾ ਨਾਂ ਭਾਵੇਂ ਲਵੇ ਜਾਂ ਨਾ ਲਵੇ ਪਰ ਉਸ ਦੀ ਖਲਕਤ ਅਤੇ ਮਖਲੂਕ ਬਾਰੇ ਅਵੱਸ਼ ਸੋਚਦਾ ਸੀ ਅਤੇ ਆਪਣੇ ਪਰਿਵਾਰ ਦਾ ਭਲਾ ਉਹ ਸਰਬੱਤ ਦੇ ਭਲੇ ਵਿਚੋਂ ਹੀ ਭਾਲਦਾ ਸੀ :

ਜੀਅ-ਜੰਤ ਦੇ ਭਾਗੀਂ,
ਆਏ-ਗਏ ਦੇ ਭਾਗੀਂ
ਚਿੜੀ-ਚੜੂੰਗੇ ਦੇ ਭਾਗੀਂ
ਡੰਗਰ-ਵੱਛੇ ਦੇ ਭਾਗੀਂ
ਰਾਹੀ-ਪਾਂਧੀ ਦੇ ਭਾਗੀਂ
ਹਾਲੀ-ਪਾਲੀ ਦੇ ਭਾਗੀਂ
ਸੀਰੀ-ਸਾਂਝੀ ਦੇ ਭਾਗੀਂ
ਸਕੇ-ਸੰਬੰਧੀ ਦੇ ਭਾਗੀਂ
ਅਤੇ (ਅਖੀਰ ਵਿਚ)
ਘਰ-ਪਰਿਵਾਰ ਦੇ ਭਾਗੀਂ

ਡਾ. ਆਸਾ ਸਿੰਘ ਘੁੰਮਣ,
ਪਿੰਡ ਤੇ ਡਾਕ. ਨਡਾਲਾ,
ਜ਼ਿਲ੍ਹਾ ਕਪੂਰਥਲਾ
ਮੋ. 97798-53245

# ਪਿੰਡਾਂ ਦਾ ਘਰੇਲੂ ਡਾਕਟਰ ਨਿੰਮ

ਇਹ ਕਹਾਵਤ ਜਿਨ੍ਹਾਂ ਰੁੱਖਾਂ ਉੱਤੇ ਢੁੱਕਦੀ ਹੈ ਉਨ੍ਹਾਂ ਵਿਚੋਂ ਨਿੰਮ ਦਾ ਨਾਂਅ ਸਭ ਤੋਂ ਉੱਪਰ ਹੈ। ਅੱਜ ਅਸੀਂ ਨਿੰਮ ਦੇ ਬਾਰੇ ਜਾਣਾਂਗੇ। ਜੇ ਸਾਡੇ ਘਰਾਂ, ਗਲੀਆਂ, ਕਾਲੋਨੀਆਂ ਵਿੱਚ ਨਿੰਮ ਦੇ ਰੁੱਖ ਹਨ ਤਾਂ ਅਸੀਂ ਕਿਸਮਤ ਵਾਲੇ ਹਾਂ, ਕਿਉਂ ਜੋ ਗਰਮੀਆਂ ਵਿੱਚ ਠੰਡੀ ਹਵਾ ਦੇਣ ਦੇ ਨਾਲ-ਨਾਲ, ਫੁੱਲਾਂ ਦੀ ਮਿੱਠੀ ਸ਼ਹਿਦ ਵਰਗੀ ਖੁਸ਼ਬੋਈ (Act as Natural Aromatherapy), ਮਨੁੱਖੀ ਮਨ ਨੂੰ ਸ਼ਾਂਤ ਕਰਨ ਵਿੱਚ ਸਹਾਈ ਹੁੰਦੀ ਹੈ। ਨਿੰਮ ਇਕ ਅਤਿਅੰਤ ਗੁਣਕਾਰੀ ਪੌਦਾ ਹੈ। ਭਾਰਤੀ ਸਮਾਜ ਦਾ ਅਹਿਮ ਹਿੱਸਾ ਨਿੰਮ ਦਾ ਦਰੱਖਤ 100 ਤੋਂ ਵੀ ਵੱਧ ਫਾਇਦੇ ਆਪਣੇ 'ਚ ਸਾਂਭੀ ਬੈਠਾ ਹੈ। 1989 ਵਿੱਚ ਸਾਊਦੀ ਅਰਬ ਦੇ ਅਰਾਫਾਤ ਦੇ ਮੈਦਾਨੀ ਇਲਾਕੇ 'ਚ ਨਿੰਮ ਦੇ 50,000 ਰੁੱਖ ਲਾਏ ਗਏ ਸਨ, ਜੋ ਕਿ ਹੱਜ ਯਾਤਰੀਆਂ ਨੂੰ ਛਾਂ ਦੇਣ ਦੇ ਨਾਲ-ਨਾਲ ਉਸ ਇਲਾਕੇ ਦਾ ਵਾਤਾਵਰਣ ਸ਼ੁੱਧ ਕਰਨ 'ਚ ਸਹਾਈ ਹੋਵੇਗਾ, ਨਾਲ ਹੀ ਰੇਗਿਸਤਾਨ ਦੇ ਵਾਧੇ ਨੂੰ ਰੋਕਣ ਵਿੱਚ ਸਹਾਈ ਹੋਵੇਗਾ।



ਬਠਿੰਡਾ ਦਾ Cantt. ਏਰੀਆ 1975 ਵਿੱਚ ਬਣਿਆ ਸੀ, ਉਦੋਂ ਇੱਥੇ ਹਜ਼ਾਰਾਂ ਰੁੱਖ ਲਗਾਏ ਗਏ ਸਨ, ਜਿਨ੍ਹਾਂ 'ਚ ਨਿੰਮ ਦੀ ਬਹੁਤਾਤ ਸੀ। ਇਸੇ ਕਾਰਨ ਪਿਛਲੇ ਕੁਝ ਸਾਲਾਂ ਤੋਂ ਗਰਮੀਆਂ ਵਿੱਚ ਬਠਿੰਡਾ ਛਾਉਣੀ ਦਾ ਤਾਪਮਾਨ ਸ਼ਹਿਰ ਨਾਲੋਂ 4-5 ਡਿਗਰੀ ਘੱਟ ਹੁੰਦਾ ਹੈ। ਨਿੰਮ ਦਾ ਪੂਰੇ ਜੋਬਨ ਦਾ ਰੁੱਖ ਬਹੁਤ ਖੂਬਸੂਰਤ ਹੁੰਦਾ ਹੈ, ਇਸ ਦੀ ਉਚਾਈ 55 ਤੋਂ 65 ਫੁੱਟ ਹੁੰਦੀ ਹੈ, ਪਰ ਕਰਨਾਟਕ-ਕੇਰਲਾ ਵਰਗੇ ਪੌਣ ਪਾਣੀ ਵਾਲੇ ਇਲਾਕਿਆਂ ਵਿੱਚ ਇਹ ਰੁੱਖ 100 ਫੁੱਟ ਤੋਂ ਵੀ ਉੱਪਰ ਜਾ ਸਕਦਾ ਹੈ ਅਤੇ ਉਮਰ ਦੀਆਂ 150-200 ਪੱਤਝੜ-ਬਸੰਤ ਰੁੱਤਾਂ ਮਾਣ ਸਕਦਾ ਹੈ। 10 ਅਗਸਤ, 2016 ਨੂੰ ਯੂਨਾਈਟਿਡ ਨੇਸ਼ਨ (United Nations) ਵਲੋਂ ਇਸ ਦੇ ਗੁਣਾਂ ਕਰਕੇ ਇਸ ਨੂੰ Tree of 21st Century ਦਾ ਰੁਤਬਾ ਦਿੱਤਾ ਗਿਆ ਹੈ। ਦੂਜਾ ਇਹ ਸਖਤ ਜਾਨ ਰੁੱਖ ਮਾਰੂਥਲਾਂ ਨੂੰ ਵੀ ਹਰਾ-ਭਰਾ ਬਣਾਉਣ ਦੀ ਹਿੰਮਤ ਰੱਖਦਾ, ਰਾਤਾਂ ਨੂੰ ਵੀ ਆਕਸੀਜਨ ਛੱਡਦਾ ਧਰਤੀ ਦੀ 15% ਕਾਰਬਨ ਡਾਇਆਕਸਾਈਡ ਸੋਖ ਸਕਦਾ ਹੈ। ਤਕਰੀਬਨ 500 ਕਿਸਮਾਂ ਦੀਆਂ ਫਸਲਾਂ ਲਈ ਹਾਨੀਕਾਰਕ ਕੀੜੇ ਨਿੰਮ ਦੇ ਤੇਲ ਨਾਲ ਮਾਰੇ ਜਾ ਸਕਦੇ ਹਨ। ਜ਼ਰੂਰਤ ਹੈ ਇਸ ਨੂੰ ਜਗ੍ਹਾ-ਜਗ੍ਹਾ ਲਾਉਣ ਦੀ। ਮੇਰੇ ਵਿਚਾਰ ਅਨੁਸਾਰ ਰੁੱਖਾਂ ਨੂੰ ਲਾਉਣ ਲਈ ਸਰਕਾਰਾਂ ਦੀ ਉਡੀਕ ਨਹੀਂ ਕਰਨੀ ਚਾਹੀਦੀ, ਆਪ ਹੀ ਲਾ ਲੈਣੇ ਚਾਹੀਦੇ ਹਨ। ਕਿਸੇ ਤਿਥ-ਤਿਉਹਾਰ, ਜਾਂ ਖੁਸ਼ੀ ਦੇ ਮੌਕੇ 'ਤੇ। ਨਿੰਮ ਦੇ ਪੱਤਿਆਂ ਵਿੱਚ Luminoid ਨਾਂਅ ਦਾ ਤੱਤ ਪਾਇਆ ਜਾਂਦਾ ਹੈ, ਜੋ ਇਸ ਦੇ ਕੌੜੇਪਨ ਦਾ ਕਾਰਨ ਹੁੰਦਾ ਹੈ ਅਤੇ ਕੈਂਸਰ ਦੇ ਖਤਰੇ ਨੂੰ ਘਟਾਉਂਦਾ ਹੈ। ਕੁਝ ਤਾਜ਼ਾ ਪੱਤੇ ਚਬਾਉਣ ਨਾਲ ਸਾਡੀ Immunity ਅਤੇ ਪਾਚਨ ਪ੍ਰਣਾਲੀ ਮਜ਼ਬੂਤ ਹੁੰਦੀ ਹੈ।

ਇਸ ਤੇ ਪੱਤੇ, ਛਾਲ ਅਤੇ ਬੀਜ ਕਈਂ ਕਿਸਮ ਦੀਆਂ ਬਿਮਾਰੀਆਂ ਦੇ ਇਲਾਜ ਲਈ ਦਵਾਈਆਂ ਬਣਾਉਣ ਦੇ ਕੰਮ ਆਉਂਦੇ ਹਨ। ਨਿੰਮ ਦੇ ਪੱਤਿਆਂ ਨੂੰ ਕੋੜ, ਨੱਕ ਵਿੱਚੋਂ ਖੂਨ ਵਗਣਾ, ਅੱਖਾਂ ਦੇ ਰੋਗ, ਆਂਤੜੀਆਂ ਦੇ ਕੀੜੇ ਮਾਰਨਾ, ਪੇਟ ਖਰਾਬ ਹੋਣਾ, ਬੁਖਾਰ, ਦਿਲ ਦੇ ਰੋਗ, ਗੁਰਦੇ ਦੇ ਰੋਗ, ਖੂਨ ਸਾਫ ਕਰਨ ਤੋਂ ਇਲਾਵਾ ਸਰੀਰ ਵਿੱਚ ਵਾਤ ਦਾ ਸੰਤੁਲਨ ਬਣਾਉਣ ਲਈ ਵਰਤਿਆ ਜਾਂਦਾ ਹੈ।

ਨਿੰਮ ਦਾ ਲੇਪ ਜਾਂ ਪਾਣੀ ਚਮੜੀ ਦੇ ਵੱਖ-ਵੱਖ ਰੋਗਾਂ, ਚਿਹਰੇ ਦੇ ਕਿੱਲ-ਮੁਹਾਂਸੇ ਠੀਕ ਹੋ ਸਕਦੇ ਹਨ। ਨਿੰਮ ਦੇ ਫੁੱਲ ਦਾ ਸਤ ਪੇਟ ਦੇ ਕੀੜੇ ਮਾਰਨ ਦੇ ਕੰਮ ਆਉਂਦਾ ਹੈ। ਜੇਕਰ ਤੁਹਾਡੇ ਕੰਨ ਵਿੱਚ ਦਰਦ ਰਹਿੰਦਾ ਹੈ ਤਾਂ ਨਿੰਮ ਦੀਆਂ ਗੁਠਲੀਆਂ ਦੇ ਤੇਲ ਦੀਆਂ ਕੁਝ ਬੂੰਦਾਂ ਪਾ ਸਕਦੇ ਹਾਂ। ਇਨ੍ਹਾਂ ਵਿੱਚ 50 ਫੀਸਦੀ ਤੇਲ ਹੁੰਦਾ ਹੈ, ਮਸ਼ੀਨਾਂ 'ਚ ਦਬਾ ਕੇ ਤੇਲ ਕੱਢ ਲਿਆ ਜਾਂਦਾ ਅਤੇ ਬਾਕੀ ਬਚੇ ਪਦਾਰਥ ਨੂੰ ਜਾਨਵਰਾਂ ਦੇ ਚਾਰੇ 'ਚ ਮਿਲਾ ਸਕਦੇ ਹਾਂ। ਇਹ ਮਿੱਟੀ ਦੀ ਤਾਕਤ ਵਧਾਉਣ ਦੇ ਕੰਮ ਵੀ ਆ ਸਕਦਾ ਹੈ। ਪੱਕੀਆਂ ਨਿਮੋਲੀਆਂ ਖਾਣ ਵਿੱਚ ਮਿੱਠੀਆਂ ਹੁੰਦੀਆਂ ਹਨ, ਇਹ ਖੂਨ ਸਾਫ ਕਰਦੀਆਂ ਹਨ। ਨਿੰਮ ਦੀ ਛਾਲ ਤੋਂ ਮਲੇਰੀਏ ਅਤੇ ਚਮੜੀ ਦੇ ਰੋਗਾਂ ਦੀਆਂ ਦਵਾਈਆਂ ਬਣਾਈਆਂ ਜਾਂਦੀਆਂ ਹਨ। ਆਮ ਤੌਰ 'ਤੇ ਭਾਰਤ ਦੇ ਪਿੰਡਾਂ 'ਚ ਨਿੰਮ ਦੀ ਦਾਤਣ ਕੀਤੀ ਜਾਂਦੀ ਹੈ ਜੋ ਕਿ ਦੰਦਾਂ ਨੂੰ ਸਿਹਤਮੰਦ ਰੱਖਦੀ ਹੈ। ਪਾਇਓਰਿਆ (Pyorrhea) ਨਹੀਂ ਹੁੰਦਾ। ਦਾਤਣ ਨੂੰ ਧੋ ਲੈਣਾ ਚਾਹੀਦਾ ਹੈ ਤਾਂ ਕਿ Fungus ਵਗੈਰਾ ਸਾਫ ਹੋ ਜਾਵੇ। ਨਿੰਮ ਬਲੱਡ ਸ਼ੂਗਰ ਵੀ ਘਟਾਉਂਦੀ ਹੈ। ਕੁਝ ਕੁ ਦਿਨ ਤਾਂ ਇਸ ਦੇ 5-7 ਪੱਤੇ ਚਬਾਏ ਜਾ ਸਕਦੇ ਹਨ, ਪਰ ਕਿਸੇ ਖਾਸ ਬਿਮਾਰੀ ਦੇ ਇਲਾਜ ਲਈ ਉਮਰ ਮੁਤਾਬਿਕ ਮਾਤਰਾ ਕਿਸੇ ਜਾਣਕਾਰ ਵੈਦ ਜਾਂ Herbalist ਤੋਂ ਹੀ ਪੁੱਛ ਕੇ ਵਰਤਣੀ ਚਾਹੀਦੀ ਹੈ। ਇਸ ਦਾ ਜ਼ਿਆਦਾ ਮਾਤਰਾ ਵਿਚ ਸੇਵਨ ਨਹੀਂ ਕਰਨਾ ਚਾਹੀਦਾ। ਗਰਭਵਤੀ ਔਰਤਾਂ ਇਸ ਤੋਂ ਪ੍ਰਹੇਜ਼ ਕਰਨ। ਮੱਛਰਾਂ-ਮੱਖੀਆਂ ਨੂੰ ਨਿੰਮ ਦੇ ਧੂੰਏਂ ਨਾਲ ਭਜਾਇਆ ਜਾ ਸਕਦਾ ਹੈ। ਹਵਾ ਦੇ ਸ਼ੁੱਧੀਕਰਨ ਤੋਂ ਇਲਾਵਾ ਕੁਦਰਤ ਦਾ ਸੰਤੁਲਨ ਬਣਾਈ ਰੱਖਣ ਵਿੱਚ ਨਿੰਮ ਦਾ ਕੋਈ ਸਾਨੀ ਨਹੀਂ। ਇਸ ਦੀ ਸਭ ਤੋਂ ਵੱਡੀ ਖਾਸੀਅਤ ਹੈ ਇਸ ਦਾ ਹਰ ਤਰ੍ਹਾਂ ਦੀ ਮਿੱਟੀ ਵਿੱਚ ਉੱਗ ਜਾਣਾ। ਹੁਣ ਭਾਰਤ ਵਿੱਚ ਇਹ ਰੁੱਖ ਘੱਟਦੇ ਜਾ ਰਹੇ ਹਨ। ਆਓ, ਇਸ ਗੁਣਕਾਰੀ ਰੁੱਖ ਨੂੰ ਆਪਣੇ ਘਰਾਂ ਦੇ ਆਲੇ-ਦੁਆਲੇ, ਖੁੱਲ੍ਹੇ ਮੈਦਾਨਾਂ, ਪਾਰਕਾਂ ਵਿੱਚ ਜ਼ਰੂਰ ਲਗਾਈਏ।

- ਰਿਪਨਜੋਤ ਕੌਰ ਬੱਗਾ, ਮੋ. 98787-53423

# ਜੁਲਾਈ ਮਹੀਨੇ ਦੇ ਖੇਤੀ ਰੁਝੇਵੇਂ

**ਸੰਯੋਜਕ** : ਅਮਰਜੀਤ ਸਿੰਘ **ਸੰਗ੍ਰਹਿ ਕਰਤਾ** : ਕਮਲਜੀਤ ਸਿੰਘ ਸੂਰੀ, ਅਮਿਤ ਕੌਲ, ਅਰਸ਼ ਆਲਮ ਸਿੰਘ ਗਿੱਲ, ਜਸਵਿੰਦਰ ਸਿੰਘ ਬਰਾੜ, ਨਵਨੀਤ ਕੌਰ, ਸਿਮਰਤ ਸਿੰਘ, ਰੂਮਾ ਦੇਵੀ, ਤੇਜਵੀਰ ਸਿੰਘ ਅਤੇ ਸ਼ਿਵਾਨੀ ਸ਼ਰਮਾ ।


ਲੜੀ ਜੋੜਨ ਲਈ ਪਿਛਲਾ ਅੰਕ ਪੜ੍ਹੋ ।

**ਵਣ ਖੇਤੀ** : ਜ਼ਿਆਦਾਤਰ ਦਰੱਖਤ ਜਿਵੇਂ ਕਿ ਸਫੈਦਾ, ਕਿੱਕਰ, ਸੂਬਾਬੁਲ, ਟਾਹਲੀ, ਡੇਕ, ਨਿੰਮ, ਸਾਗਵਾਨ ਆਦਿ ਦੇ ਬੂਟੇ ਬਰਸਾਤੀ ਮੌਸਮ (ਜੁਲਾਈ-ਅਗਸਤ) ਵਿੱਚ ਲਗਾਉਣੇ ਚਾਹੀਦੇ ਹਨ। ਬੂਟੇ ਦੇ ਲਗਾਉਣ



ਲਈ ਟੋਟੇ ਦਾ ਆਕਾਰ 50 × 50 × 50 ਸੈਂਟੀਮੀਟਰ ਹੋਵੇ, ਜਿਸ ਵਿੱਚ ਗੋਹੇ ਦੀ ਗਲੀ ਸੜੀ ਖਾਦ ਅਤੇ ਉੱਪਰਲੀ ਮਿੱਟੀ ਮਿਲਾ ਕੇ ਭਰ ਲੈਣਾ ਚਾਹੀਦਾ ਹੈ। ਲਿਫਾਫਾ ਉਤਾਰ ਕੇ ਬੂਟੇ ਟੋਏ ਦੇ ਵਿਚਕਾਰ ਲਗਾਉ। ਇਹ ਧਿਆਨ ਰੱਖਿਆ ਜਾਵੇ ਕਿ ਲਿਫਾਫਾ ਉਤਾਰਨ ਵੇਲੇ ਮਿੱਟੀ ਦੀ ਗਾਚੀ ਨੂੰ ਨੁਕਸਾਨ ਨਾ ਹੋਵੇ। ਬੂਟਾ ਲਗਾ ਕੇ ਉਸੇ ਵੇਲੇ ਪਾਣੀ ਲਗਾ ਦਿਉ। ਪਹਿਲੇ ਦੋ ਮਹੀਨੇ ਪਾਣੀ ਹਫਤੇ ਵਿੱਚ ਦੋ ਵਾਰ ਲਗਾਉ।

**ਪਾਪਲਰ** : ਜੇਕਰ ਚੰਗੀ ਬਰਸਾਤ ਨਾ ਹੋਵੇ ਪਾਪਲਰ ਨੂੰ ਹਫਤੇ ਦੇ ਵਕਫੇ



ਨਾਲ ਸਿੰਚਾਈ ਦਿੰਦੇ ਰਹੋ। ਪਾਪਲਰ ਦੀ ਨਰਸਰੀ ਵਿੱਚੋਂ ਭੱਬੂ ਕੁੱਤਾ ਅਤੇ ਪੱਤਾ ਲਪੇਟ ਸੁੰਡੀ ਨਾਲ ਪ੍ਰਭਾਵਿਤ ਪੱਤਿਆਂ ਨੂੰ ਇਕੱਠਾ ਕਰਕੇ ਨਸ਼ਟ ਕਰਨ ਨਾਲ ਇਨ੍ਹਾਂ ਤੇ ਕਾਬੂ ਪਾਇਆ ਜਾ ਸਕਦਾ ਹੈ। ਬੂਟਿਆਂ ਦੇ ਚੰਗੇ ਵਾਧੇ ਲਈ ਦਰਮਿਆਨੀਆਂ ਜ਼ਮੀਨਾਂ ਵਿੱਚ ਸਿਫਾਰਿਸ਼ ਕੀਤੀ ਯੂਰੀਆ (1, 2, 3, 4, 5 ਅਤੇ 6 ਸਾਲ ਉਮਰ ਦੀਆਂ ਪਲਾਂਟੇਸ਼ਨਾਂ ਨੂੰ ਕ੍ਰਮਵਾਰ 55, 85, 115, 145, 175 ਅਤੇ 205 ਗ੍ਰਾਮ ਪ੍ਰਤੀ ਬੂਟਾ) ਜੁਲਾਈ ਵਿੱਚ ਪਾਓ।

**ਕਲੋਨਲ ਸਫੈਦੇ ਲਈ ਖਾਦਾਂ ਦੀ ਲੋੜ** : ਬੂਟੇ ਲਾਉਣ ਸਮੇਂ 50 ਗ੍ਰਾਮ ਐਸ ਐਸ ਪੀ (SSP) ਹਰ ਬੂਟੇ ਨੂੰ ਪਾਓ। ਉਸ ਤੋਂ ਬਾਅਦ ਪਹਿਲੇ, ਦੂਜੇ, ਤੀਜੇ ਚੌਥੇ, ਪੰਜਵੇਂ ਅਤੇ ਛੇਵੇਂ ਸਾਲ ਕ੍ਰਮਵਾਰ 65-125-35, 130-250-65, 195-375-100, 260-500-135, 325-625-165 ਅਤੇ 390-750-200 ਗ੍ਰਾਮ ਪ੍ਰਤੀ ਬੂਟਾ ਯੂਰੀਆ ਐਸ ਐਸ ਪੀ ਐਮ ਓ ਪੀ ਪਾਉਣਾ ਚਾਹੀਦਾ ਹੈ। ਪੋਟਾਸ਼ ਸਿਰਫ ਉਨ੍ਹਾਂ ਜ਼ਮੀਨਾਂ ਵਿੱਚ ਹੀ ਪਾਓ ਜਿੱਥੇ ਪੋਟਾਸ਼ ਦੀ ਮਾਤਰਾ ਘੱਟ ਹੈ (55 ਕਿਲੋ ਪ੍ਰਤੀ ਏਕੜ ਤੋਂ ਘੱਟ)। ਹਰ ਸਾਲ ਸਾਰੀ ਫਾਸਫੋਰਸ, ਪੋਟਾਸ਼ ਅਤੇ ਇੱਕ ਤਿਹਾਈ ਨਾਈਟਰੋਜਨ ਅਪ੍ਰੈਲ, ਇੱਕ ਤਿਹਾਈ ਨਾਈਟਰੋਜਨ ਜੁਲਾਈ ਅਤੇ ਬਾਕੀ ਇੱਕ ਤਿਹਾਈ ਨਾਈਟਰੋਜਨ ਅਕਤੂਬਰ ਵਿੱਚ ਪਾਓ।

**ਸਜਾਵਟੀ ਬੂਟੇ** : ਬਰਸਾਤਾਂ ਸ਼ੁਰੂ ਹੋਣ ਦੇ ਨਾਲ ਹੀ ਸਜਾਵਟੀ ਰੁੱਖ, ਝਾੜੀਆਂ ਅਤੇ ਵੇਲਾਂ ਨੂੰ ਪਹਿਲਾਂ ਤੋਂ ਵਿਉਂਤਬੰਦੀ ਅਨੁਸਾਰ (ਜਗ੍ਹਾ ਦੀ ਚੋਣ ਅਤੇ ਬੂਟਿਆਂ ਦੀ ਦੂਰੀ) ਤਿਆਰ ਕੀਤੇ ਗਏ ਟੋਇਆਂ ਵਿੱਚ ਲਾਇਆ ਜਾ ਸਕਦਾ ਹੈ। ਇਸ ਮੌਸਮ ਵਿੱਚ ਬਹੁਤ ਸਾਰੀਆਂ ਝਾੜੀਆਂ ਅਤੇ ਵੇਲਾਂ ਦਾ ਵਾਧਾ ਇਹਨਾਂ ਦੇ ਟੂਸਿਆਂ ਨੂੰ ਤੋੜ ਕੇ ਸਖਤ-ਜਾਨ ਕਮਲਾਂ ਰਾਹੀਂ ਤਿਆਰ ਕੀਤੀਆਂ ਕਲਮਾਂ ਨੂੰ ਰੇਤ ਵਿੱਚ ਲਗਾ ਕੇ ਵੀ ਕੀਤਾ ਜਾ ਸਕਦਾ ਹੈ।

**ਗਮਲਿਆਂ ਦੇ ਬੂਟੇ** : ਗਮਲਿਆਂ ਵਿੱਚ ਪਹਿਲਾਂ ਤੋਂ ਹੀ ਲੱਗੇ ਪੁਰਾਣੇ ਬੂਟਿਆਂ ਨੂੰ ਕੱਢ ਕੇ ਗਮਲੇ ਨੂੰ ਨਵੇਂ ਸਿਰਿਓ ਖਾਦ (ਗਲੀ-ਸੜੀ ਰੂੜੀ) ਅਤੇ ਮਿੱਟੀ ਦੇ ਮਿਸ਼ਰਣ ਨਾਲ ਭਰ ਕੇ ਨਵੇਂ ਤਿਆਰ ਕੀਤੇ ਬੂਟਿਆਂ ਨੂੰ ਦੁਬਾਰਾ ਲਗਾਓ। ਹਲਕੀ ਬਰਸਾਤ ਵਿੱਚ ਪੱਤਦਾਰ ਗਮਲਿਆਂ ਵਾਲੇ ਬੂਟਿਆਂ ਨੂੰ ਵਿਹੜੇ ਵਿੱਚ ਰੱਖ ਦਿਉ, ਜਿਸ ਨਾਲ ਬੂਟਿਆਂ ਵਿੱਚ ਨਿਖਾਰ ਪਵੇਗਾ। ਪੁਰਾਣੇ ਹੋ ਚੁੱਕੇ ਗਮਲਿਆਂ ਵਾਲੇ ਬੂਟਿਆਂ ਨੂੰ ਵੱਖ-ਵੱਖ ਕਰਕੇ ਇਨ੍ਹਾਂ ਦੀ ਗਿਣਤੀ ਵਧਾ ਕੇ ਨਵੇਂ ਗਮਲਿਆਂ ਵਿੱਚ ਲਾ ਦਿਉ।

**ਲਾਅਨ** : ਜੂਨ ਮਹੀਨੇ ਤਿਆਰ ਕੀਤੀ ਜਗ੍ਹਾ ਉੱਪਰ ਘਾਹ ਲਾ ਦਿਉ। ਘਾਹ ਦੀਆਂ ਜੜ੍ਹਾਂ ਦੇ ਛੋਟੇ-ਛੋਟੇ ਗੁੱਛੇ 10-15 ਸੈਂਟੀਮੀਟਰ ਦੀ ਦੂਰੀ ਉੱਪਰ ਲਗਉਣ ਉਪਰੰਤ ਪਾਣੀ ਦਿਉ ਤਾਂ ਜੋ ਜੜ੍ਹਾਂ ਦੀ ਮਿੱਟੀ ਨਾਲ ਪਕੜ ਬਣੀ ਰਹੇ। ਘਾਹ ਨੂੰ ਪਾਣੀ ਮੌਸਮ ਨੂੰ ਦੇਖਦੇ ਹੋਏ ਲੋੜ ਅਨੁਸਾਰ ਹੀ ਲਗਾਓ। ਖਾਦ (1 : 1 ਅਨੁਪਾਤ) ਨਾਲ ਢੱਕੋ ਅਤੇ ਪਾਣੀ ਲਗਾਓ। ਪਾਣੀ ਲੱਗੇ ਘਾਹ ਉਪਰ ਚੱਲਣ ਤੋਂ ਗੁਰੇਜ਼ ਕਰੋ। ਸਮੇਂ-ਸਮੇਂ ਸਿਰ ਨਦੀਨਾਂ ਨੂੰ ਜੜੋਂ ਪੁੱਟਦੇ ਰਹੋ ਅਤੇ ਘਾਹ ਨੂੰ ਸੰਘਣਾ ਬਣਾਈ ਰੱਖੋ ਤਾਂ ਜੋ ਨਦੀਨ ਮੁੜ ਵਾਧਾ ਨਾ ਕਰ ਸਕਣ।

**ਗੁਲਦਾਉਦੀ** : ਪਿਛਲੇ ਮਹੀਨੇ ਰੇਤੇ ਵਿੱਚ ਲਾਈਆਂ ਗਈਆਂ ਕਲਮਾਂ ਵਿੱਚ ਜੜ੍ਹਾਂ ਤਿਆਰ ਹੋ ਗਈਆਂ ਹੋਣ ਤਾਂ ਇਨ੍ਹਾਂ ਨੂੰ ਕਿਆਰੀਆਂ ਜਾਂ ਗਮਲਿਆਂ ਵਿੱਚ ਲਗਾਓ। ਗਮਲਿਆਂ ਲਈ ਮਿੱਟੀ ਅਤੇ ਰੂੜੀ ਦੀ ਖਾਦ ਦਾ ਮਿਸ਼ਰਨ (2 : 1) ਅਨੁਪਾਤ ਦੇ ਅਨੁਸਾਰ ਮਿਲਾ ਕੇ ਗਮਲੇ ਭਰੋ। ਇਸ ਮਹੀਨੇ ਵਿੱਚ ਗੁਲਦਾਉਦੀ ਦੀਆਂ ਕਲਮਾਂ ਨੂੰ ਆਈ. ਬੀ. ਏ. ਦੇ ਘੋਲ ਵਿੱਚ (400 ਪੀ. ਪੀ. ਐਮ.) ਕਲਮਾਂ ਦੇ ਹੇਠਲੇ ਸਿਰੇ ਨੂੰ ਡੋਬ ਕੇ ਕਲਮਾਂ ਵੀ ਤਿਆਰ ਕੀਤੀਆਂ ਜਾ ਸਕਦੀਆਂ ਹਨ।

**ਗੇਂਦਾ** : ਗੇਂਦੇ ਦੀ ਪੰਜਾਬ ਗੇਂਦਾ ਨੰ.1 ਕਿਸਮ ਦੀ ਪੌਦ ਬਰਸਾਤੀ ਫੁੱਲ ਪੈਦਾ ਕਰਨ ਲਈ ਜੁਲਾਈ ਮਹੀਨੇ ਲਗਾਈ ਜਾ ਸਕਦੀ ਹੈ।

**ਪਸ਼ੂ ਪਾਲਣ** : ਪਸ਼ੂਆਂ ਨੂੰ ਚਾਰਾ ਜਲਦੀ ਸਵੇਰੇ ਜਾਂ ਸ਼ਾਮ ਨੂੰ ਪਾਇਆ ਜਾਵੇ। ਮੁਰਝਾਇਆ ਹੋਇਆ ਜਾਂ ਉੱਲੀ ਲਗਾ ਚਾਰਾ ਨਾ ਪਾਓ। ਪਸ਼ੂਆਂ ਨੂੰ ਸ਼ੈੱਡ ਅੰਦਰ ਰੱਖੋ ਅਤੇ ਦਿਨ ਵਿੱਚ ਤਿੰਨ-ਚਾਰ ਵਾਰੀ ਨਹਾਉਂਦੇ ਰਹਿਣਾ ਚਾਹੀਦਾ ਹੈ। ਪਸ਼ੂਆਂ ਨੂੰ ਪੀਣ ਲਈ ਠੰਢਾ ਪਾਣੀ ਦਿਉ। ਪਸ਼ੂ ਖੁਰਾਕ ਵਿੱਚ ਪ੍ਰੋਟੀਨ ਦੀ ਮਾਤਰਾ 2-4% ਤੱਕ ਵਧਾ ਦਿਉ। ਖੁਰਾਕ ਵਿੱਚ ਖਲਾਂ ਦੀ ਮਾਤਰਾ ਵਧਾ ਦਿਉ। ਇਸ ਮਹੀਨੇ ਮੱਛਰ, ਮੱਖੀਆਂ ਅਤੇ ਚਿੱਚੜਾਂ ਦੀ ਤਦਾਦ ਵੱਧ ਜਾਂਦੀ ਹੈ, ਜੋ ਪਸ਼ੂ ਦਾ ਖੂਨ ਚੂਸਦੇ ਹਨ ਅਤੇ ਬੀਮਾਰੀ ਫੈਲਾਉਂਦੇ ਹਨ। ਸੋ, ਇਨ੍ਹਾਂ ਦੀ ਰੋਕਥਾਮ ਲਈ ਬਿਊਟੌਕਸ ਜਾਂ ਅਮੀਟਰਾਜ਼ 2-3 ਮਿਲੀਲੀਟਰ ਪਾਣੀ ਵਿੱਚ ਘੋਲ ਕੇ ਪਸ਼ੂਆਂ ਉੱਪਰ ਉਪਯੋਗ ਕਰੋ ਅਤੇ ਸ਼ੈੱਡ ਵਿੱਚ ਚਾਰੇ ਪਾਸੇ ਛਿੜਕਾਅ ਕਰੋ ਅਤੇ ਇਸ ਕਿਰਿਆ ਨੂੰ 10-15 ਦਿਨ ਬਾਅਦ ਦੁਬਾਰਾ ਕਰੋ। ਪੱਠੇ, ਖੁਰਾਕ ਅਤੇ ਪਾਣੀ ਉੱਪਰ ਸਪਰੇਅ ਨਹੀਂ ਕਰਨੀ ਚਾਹੀਦੀ। ਇਸ ਕੰਮ ਵਿੱਚ ਕੰਪਨੀ ਵੱਲੋਂ ਜਾਰੀ ਕੀਤੀਆਂ ਹਦਾਇਤਾਂ ਦੀ ਪਾਲਣਾ ਕਰਨੀ ਚਾਹੀਦੀ ਹੈ, ਜੇ ਪਸ਼ੂ ਨੂੰ ਗਰਮੀ ਲੱਗ ਜਾਵੇ ਤਾਂ ਪਸ਼ੂ ਦੇ ਸਰੀਰ ਉੱਪਰ ਠੰਢਾ ਪਾਣੀ ਪਾਉ ਅਤੇ ਡਾਕਟਰ ਦੀ ਸਹਾਇਤਾ ਨਾਲ ਗੁਲੂਕੋਜ਼ ਲਗਵਾਉ। ਜੇ ਪਸ਼ੂ ਦੀਆਂ ਨਾਸਾਂ ਵਿੱਚੋਂ ਖੂਨ ਆਵੇ ਤਾਂ ਪਸ਼ੂ ਦੇ ਸਿਰ ਅਤੇ ਚਿਹਰੇ ਉੱਪਰ ਠੰਢਾ ਪਾਣੀ ਪਾਉ ਅਤੇ ਸਿਰ ਨੂੰ ਉਪਰ ਉਠਾ ਕੇ ਰੱਖੋ। ਜਲਦੀ ਤੋਂ ਜਲਦੀ ਡਾਕਟਰ ਨਾਲ ਸੰਪਰਕ ਕਰੋ। ਜੇ ਗਲ-ਘੋਟੂ, ਧਵੜੀ ਰੋਗ ਅਤੇ ਮੂੰਹ-ਖੁਰ ਦੇ ਟੀਕੇ ਨਹੀਂ ਲਗਾਵਾਏ ਤਾਂ ਪਸ਼ੂਆਂ ਨੂੰ ਇਹ ਟੀਕੇ ਜਲਦੀ ਲਗਵਾਉ। ਇਸ ਮੌਸਮ ਵਿੱਚ ਸੱਪਾਂ ਦੇ ਕੱਟਣ ਦਾ ਖਤਰਾ ਵੱਧ ਜਾਂਦਾ ਹੈ। ਸੋ ਪਸ਼ੂ ਦਾ ਅਚਾਨਕ ਡਿੱਗ ਪੈਣਾ, ਤੌਲਵਾਂ ਨੀਵਾਂ ਹੋਣਾ, ਹਵਾਨੇ ਉੱਪਰ ਸੋਜ ਹੋਣਾ, ਸਾਹ ਲੈਣ ਵਿੱਚ ਮੁਸ਼ਕਲ ਆਉਣਾ, ਦਿਲ ਦੀ ਧੜਕਨ ਦਾ ਵਧਣਾ, ਝੱਗ ਆਉਣਾ ਜਾਂ ਕੁੜੱਲ ਪੈਣਾ ਆਦਿ ਨਿਸ਼ਾਨੀਆਂ ਹੋਣ ਤਾਂ ਪਸ਼ੂ ਨੂੰ ਧਿਆਨ ਨਾਲ ਦੇਖੋ ਕਿ ਕਿਤੇ ਸੱਪ ਦੇ ਕੱਟਣ ਦਾ ਨਿਸ਼ਾਨ ਮਿਲੇ ਤਾਂ ਡਾਕਟਰ ਨਾਲ ਜਲਦੀ ਸੰਪਰਕ ਕਰੋ। ਪਸ਼ੂ ਨੂੰ ਕਾਲਾ ਜਾਂ ਉੱਲੀ ਲੱਗਿਆ ਦਾਣਾ ਨਹੀਂ ਪਾਉਣਾ ਚਾਹੀਦਾ। ਪਸ਼ੂਆਂ ਨੂੰ ਦਾਦ ਲੱਗਣ ਤੋਂ ਬਚਾਉਣ ਲਈ ਪਸ਼ੂਆਂ ਨੂੰ ਅਤੇ ਸ਼ੈੱਡ ਨੂੰ ਸੁੱਕਾ ਰੱਖੋ।

**ਮੁਰਗੀ ਪਾਲਣ** : ਪਾਣੀ ਦੀ ਵੱਧਦੀ ਹੋਈ ਮੰਗ ਦੇਖਦੇ ਹੋਏ ਪਾਣੀ ਵਾਲੇ ਬਰਤਨਾਂ ਦੀ ਗਿਣਤੀ ਦੁੱਗਣੀ ਕਰ ਦੇਣੀ ਚਾਹੀਦੀ ਹੈ। ਪਾਣੀ ਨੂੰ ਜ਼ਿਆਦਾ ਵਾਰ ਬਦਲਣਾ ਚਾਹੀਦਾ ਹੈ ਤਾਂ ਜੋ ਮੁਰਗੀਆਂ ਨੂੰ ਠੰਢਾ ਪਾਣੀ ਪੀਣ ਲਈ ਮਿਲ ਸਕੇ। ਸ਼ੈੱਡ ਵਿੱਚ ਫੁਹਾਰੇ ਲਗਾਓ ਅਤੇ ਕੂਲਰ ਲਗਾਓ। ਸ਼ੈੱਡ ਦੇ ਆਲੇ-ਦੁਆਲੇ ਰੁੱਖ ਲਗਾਉਣੇ ਚਾਹੀਦੇ ਹਨ, ਕਿਉਂਕਿ ਹਰਿਆਵਲ ਗਰਮੀ ਨੂੰ ਘਟਾਉਂਦੀ ਹੈ। ਸ਼ੈੱਡ ਦੀ ਛੱਤ ਨੂੰ ਚਿੱਟੀ ਕਲੀ ਕਰ ਦੇਣੀ ਚਾਹੀਦੀ ਹੈ ਤਾਂ ਜੋ ਗਰਮੀ ਦਾ ਅਸਰ ਘੱਟ ਕੀਤਾ ਜਾ ਸਕੇ। ਖੁਰਾਕ ਵਿੱਚ ਚਿਕਨਾਈ, ਧਾਤਾਂ, ਇਲੈਕਟਰੋਲਾਈਟ ਅਤੇ ਵਿਟਾਮਿਨ ਦੀ ਮਾਤਰਾ ਵਧਾ ਦੇਣੀ ਚਾਹੀਦੀ ਹੈ, ਤਾਂ ਜੋ ਮੁਰਗੀਆਂ ਨੂੰ ਲੋੜੀਂਦੇ



ਤੱਤ ਮਿਲ ਸਕਣ। ਆਂਡੇ ਘਟਣ ਜਾਂ ਮੁਰਗੀਆਂ ਦੀ ਮੌਤ ਵਿੱਚ ਵਾਧਾ ਦਿਖੇ ਤਾਂ ਮਾਹਰ ਦੀ ਸਲਾਹ ਲਓ। 6-8 ਹਫਤੇ ਦੀ ਉਮਰ 'ਤੇ ਪੱਠਾਂ ਨੂੰ ਰਾਣੀ ਖੇਤ ਦੇ ਆਰ-2 ਬੀ ਟੀਕੇ ਲਗਾਉਣੇ ਚਾਹੀਦੇ ਹਨ। ਇਹ ਦਵਾਈ ਪਾਣੀ ਜਾਂ ਲੱਸੀ ਵਿੱਚ ਨਹੀਂ ਪਿਲਾਉਣੀ ਚਾਹੀਦੀ। ਟੀਕੇ ਲੱਗੀਆਂ ਮੁਰਗੀਆਂ ਨੂੰ ਵਿਟਾਮਿਨ ਪਾਣੀ ਵਿੱਚ ਦੇਣੇ ਚਾਹੀਦੇ ਹਨ ਤਾਂ ਜੋ ਟੀਕਿਆਂ ਦੇ ਮਾੜੇ ਅਸਰ ਨੂੰ ਘਟਾਇਆ ਜਾ ਸਕੇ। ਵੱਧ ਰਹੀਆਂ ਪੱਠਾਂ (6-16 ਹਫਤੇ) ਨੂੰ ਦਿਨ ਦੀ ਰੌਸ਼ਨੀ ਹੀ ਦੇਣੀ ਚਾਹੀਦੀ ਹੈ, ਪਰ ਅੰਡੇ ਦੇ ਰਹੀਆਂ ਮੁਰਗੀਆਂ ਨੂੰ ਤੜਕੇ ਸਵੇਰੇ ਅਤੇ ਰਾਤ ਨੂੰ ਬਲਬਾਂ ਦੀ ਰੌਸ਼ਨੀ ਦੇ ਕੇ 16 ਘੰਟੇ ਰੌਸ਼ਨੀ ਪੂਰੀ ਕਰ ਦੇਣੀ ਚਾਹੀਦੀ ਹੈ। ਛੱਤ ਉੱਪਰ ਸਰਕੰਡੇ ਦੀ 2 ਇੰਚ ਮੋਟੀ ਤਹਿ ਵਿਛਾਉ ਤਾਂ ਜੋ ਸ਼ੈੱਡ ਅੰਦਰਲੇ ਤਾਪਮਾਨ ਨੂੰ ਘਟਾਇਆ ਜਾ ਸਕੇ। ਸੁੱਕ ਵਿਧੀ ਸਿਸਟਮ ਵਿੱਚ ਮੁਰਗੀਆਂ ਨੂੰ ਠੰਢੇ ਸਮੇਂ ਭਾਵ ਸਵੇਰੇ ਅਤੇ ਸ਼ਾਮ ਨੂੰ ਪਾਉ ਅਤੇ ਫੀਡ ਵਿੱਚ ਤੇਲ ਦੀ ਮਾਤਰਾ 1-2% ਤੱਕ ਵਧਾ ਦਿਉ ਤਾਂ ਜੋ ਗਰਮੀਆਂ ਵਿੱਚ ਊਰਜਾ ਦੀ ਲੋੜ ਨੂੰ ਪੂਰਾ ਕੀਤਾ ਜਾ ਸਕੇ। ਛੱਤ ਉੱਪਰ ਪਾਣੀ ਦੀ ਟੰਕੀ ਪੂਰੀ ਨਾ ਭਰੋ। ਪਾਣੀ ਵਿੱਚ 250 ਮਿਲੀਲੀਟਰ ਸਿਰਕਾ 100 ਲੀਟਰ ਪਾਣੀ ਵਿੱਚ ਪਾਉ ਤਾਂ ਜੋ ਬਿਮਾਰੀ ਪੈਦਾ ਕਰਨ ਵਾਲੇ ਕੀਟਾਣੂਆਂ ਦਾ ਖਾਤਮਾ ਕੀਤਾ ਜਾ ਸਕੇ ਅਤੇ 10 ਗ੍ਰਾਮ ਨਸ਼ਾਦਰ 100 ਲੀਟਰ ਪਾਣੀ ਵਿੱਚ ਪਾਉ ਤਾਂ ਜੋ ਪਾਣੀ ਵਿੱਚ ਠੰਡਕ ਪੈਦਾ ਕੀਤੀ ਜਾ ਸਕੇ।

**ਸ਼ਹਿਦ ਦੀਆਂ ਮੱਖੀਆਂ ਪਾਲਣਾ** : ਇਸ ਮਹੀਨੇ ਵਿੱਚ ਕਟੁੰਬਾਂ ਦਾ ਨਿਰੀਖਣ ਤੇਜ਼ੀ ਨਾਲ ਦੇਰ ਸ਼ਾਮ ਨੂੰ ਹੀ ਕਰਨਾ ਚਾਹੀਦਾ ਹੈ। ਕੁਟੰਬ ਵਿੱਚ ਨੈਕਟਰ/ਸ਼ਹਿਦ ਖੁਰਾਕ ਦੀ ਘਾਟ ਦੀ ਸੂਰਤ ਵਿੱਚ ਇੱਕ



ਹਿੱਸਾ ਖੰਡ ਅਤੇ ਇੱਕ ਹਿੱਸਾ ਪਾਣੀ ਦੇ ਘੋਲ ਦੀ ਖੁਰਾਕ ਸ਼ਾਮ ਵੇਲੇ ਸਾਰੇ ਕਟੁੰਬਾਂ ਨੂੰ ਫੀਡਰ ਜਾਂ ਖਾਲੀ ਛੱਤਿਆਂ ਵਿੱਚ ਪਾ ਕੇ ਦਿਉ। ਕਲੋਨੀਆਂ ਦੇ ਗੇਟ ਛੋਟੇ ਕਰਕੇ, ਵਿਰਲਾਂ-ਝੀਥਾਂ ਨੂੰ ਬੰਦ ਕਰਕੇ, ਫਾਰਮ 'ਤੇ ਖੁਰਾਕ ਨਾ ਡੁੱਲਣ ਦੇਣ, ਆਦਿ ਉਪਰਾਲੇ ਕਰੋ ਤਾਂ ਜੋ ਰੋਬਿੰਗ ਦੀ ਸਮੱਸਿਆ ਤੋਂ ਬਚਾਅ ਕੀਤਾ ਜਾ ਸਕੇ। ਪਰਾਗ ਦੀ ਘਾਟ ਦੀ ਸੂਰਤ ਵਿੱਚ ਕਟੁੰਬਾਂ ਨੂੰ ਇਕੱਠਾ ਅਤੇ ਸਟੋਰ ਕੀਤਾ ਪਰਾਗ ਦਿਉ ਜਾਂ ਪੀ.ਏ.ਯੂ ਪਰਾਗ ਬਦਲ (ਪੋਲਨ ਸਬਸਟੀਚਿਊਟ/ਸਪਲੀਮੈਂਟ) ਦਿਉ। ਕਟੁੰਬਾਂ ਨੂੰ ਮੋਮੀ ਕੀੜਿਆਂ, ਕੀੜੀਆਂ, ਦੰਦਈਏ ਅਤੇ ਹਰੀ ਚਿੜੀਆਂ ਦੇ ਹਮਲੇ ਤੋਂ ਬਚਾਉ। ਸਟੋਰ ਕੀਤੇ ਹੋਏ ਵਾਧੂ ਖਾਲੀ ਛੱਤਿਆਂ ਨੂੰ ਗੰਧਕ ਦੀ ਧੂਣੀ ਦੇ ਕੇ ਮੋਮੀ ਕੀੜੇ ਦੇ ਹਮਲੇ ਤੋਂ ਬਚਾਉ। ਸਟੋਰ ਕੀਤੇ ਹੋਏ ਵਾਧੂ ਖਾਲੀ ਛੱਤਿਆਂ ਨੂੰ ਗੰਧਕ ਦੀ ਧੂਣੀ ਦੇ ਕੇ ਮੋਮੀ ਕੀੜੇ ਦੇ ਹਮਲੇ ਤੋਂ ਬਚਾਉ। ਕਮਜ਼ੋਰ ਰਾਣੀ-ਰਹਿਤ ਅਤੇ ਲੇਇੰਗ ਵਰਕਰ ਕਟੁੰਬਾਂ ਨੂੰ ਦਰਮਿਆਨੀ ਬਲਤਾ ਦੇ ਰਾਣੀ ਵਾਲੇ ਕਟੁੰਬਾਂ ਨਾਲ ਮਿਲਾਉ। ਕਟੁੰਬਾਂ ਨੂੰ ਉਚੇ ਸਟੈਂਡਾਂ ਉੱਤੇ ਥੋੜ੍ਹਾ ਜਿਹਾ ਮੂਹਰਲੇ ਪਾਸੇ ਵੱਲ ਝੁਕਾ ਕੇ ਰੱਖੋ ਤਾਂਕਿ ਮੀਂਹ ਦਾ ਪਾਣੀ ਕਟੁੰਬਾਂ ਦੇ ਅੰਦਰ ਵੜ ਅਤੇ ਖੜੋ ਨਾ ਸਕੇ। ਕਟੁੰਬਾਂ ਨੂੰ ਬਰਸਾਤੀ ਪਾਣੀ ਅਤੇ ਨਾਲਿਆਂ ਦੇ ਰਾਹ ਵਿੱਚ ਨਾ ਰੱਖੋ। ਸ਼ਹਿਦ ਮੱਖੀ ਹਾਈਵ ਦੇ ਉਪਰਲੇ ਢੱਕਣ (ਟੋਪ ਕਵਰ), ਜੋ ਕਿ ਜਿਸਤੀ ਚਾਦਰ ਨਾਲ ਉਦਰੋਂ ਢੱਕਿਆ ਹੋਵੇ, ਦੀ ਵਰਤੋਂ ਜ਼ਰੂਰ ਕਰੋ। ਕਟੁੰਬਾਂ ਨੂੰ ਨੀਵੀਂ ਜਗ੍ਹਾਂ ਤੋਂ ਚੁੱਕ ਕੇ ਉੱਚੀ ਜਗ੍ਹਾਂ 'ਤੇ ਲਿਜਾ ਕੇ ਰੱਖੋ ਅਤੇ ਉਨ੍ਹਾਂ ਦੇ ਆਲੇ-ਦੁਆਲੇ ਬਰਸਾਤ ਦੇ ਮੌਸਮ ਕਾਰਨ ਵਧਦੀ ਹੋਈ ਬਨਸਪਤੀ/ਨਦੀਨਾਂ ਆਦਿ ਨੂੰ ਸਾਫ਼ ਕਰਦੇ ਰਹੋ ਤਾਂ ਕਿ ਕਟੁੰਬ ਹਵਾਦਾਰ ਅਤੇ ਸਿੱਲ੍ਹ ਰਹਿਤ ਰਹਿਣ ਅਤੇ ਮੱਖੀਆਂ ਦੀ ਕਾਰਜ ਉਡਾਰੀ ਵਿੱਚ ਵਾਧਾ ਹੋਵੇ। ਧਿਆਨ ਰੱਖੋ ਕਿ ਅੰਦਰਲੇ ਢੱਕਣ ਦੀ ਜਾਲੀ ਬੰਦ ਨਾ ਹੋਵੇ ਤਾਂ ਜੋ ਕਟੁੰਬ ਹਵਾਦਾਰ ਬਣੇ ਰਹਿਣ।

**ਖੁੰਬਾਂ ਦੀ ਕਾਸ਼ਤ** : ਇਸ ਮਹੀਨੇ ਦੌਰਾਨ, ਸਾਫ-ਸੁਥਰੀ ਤੂੜੀ ਅਤੇ ਚੰਗੀ ਤਰ੍ਹਾਂ ਗਲੀ ਹੋਈ ਰੂੜੀ ਖਾਦ ਨੂੰ ਜਮ੍ਹਾ ਕਰੋ ਤਾਂ ਜੋ ਬਟਨ ਅਤੇ ਢੀਂਗਰੀ ਖੁੰਬ ਦੀ ਕਾਸ਼ਤ ਲਈ ਇਨ੍ਹਾਂ ਦੇ ਆਉਣ ਵਾਲੇ ਸੀਜ਼ਨ ਵਿੱਚ ਵਰਤੋਂ ਕੀਤੀ ਜਾ ਸਕੇ (ਅਕਤੂਬਰ-ਮਾਰਚ)। ਪਰਾਲੀ ਖੁੰਬ ਦੀ ਕਾਸ਼ਤ ਲਈ ਪਰਾਲੀ ਦੇ ਪੂਲੇ (1.5 ਕਿਲੋ) ਬਣਾ ਕੇ, ਗਿੱਲਾ ਕਰੋ, ਬੈੱਡ ਬਣਾਓ ਫਿਰ ਉਸ ਵਿੱਚ ਬੀਜ ਪਾਓ। ਖੁੰਬਾਂ ਦੀ ਤੁੜਾਈ ਦੌਰਾਨ, ਬੈੱਡਾਂ ਉੱਤੇ ਰੋਜ਼ਾਨਾ ਦਿਨ ਵਿੱਚ ਦੋ ਵਾਰ ਫੁਹਾਰੇ ਨਾਲ ਪਾਣੀ ਲਾਓ। ਫਸਲ ਦੀ ਤੁੜਾਈ ਤੋਂ ਬਾਅਦ ਪੁਰਾਣੇ ਬੈੱਡਾਂ ਨੂੰ ਬਾਹਰ ਕੱਢ ਕੇ ਅਗਲੀ ਫਸਲ ਲਈ ਨਵੇਂ ਬੈੱਡ ਬਣਾਓ। ਇਸ ਮਹੀਨੇ ਦੌਰਾਨ ਰੇਸ਼ਾ ਫੈਲੇ ਹੋਏ ਮਿਲਕੀ ਖੁੰਬ ਦੇ ਬੈਗਾਂ ਉੱਤੇ 1-1.5'' ਮੋਟੀ ਕੇਸਿੰਗ ਮਿੱਟੀ (ਰੂੜੀ ਖਾਦ : ਰੇਤਲੀ ਮਿਟੀ 4 : 1) ਦੀ ਪਰਤ ਵਿਛਾ ਦਿਉ ਅਤੇ ਕਮਰੇ ਵਿੱਚ 80-85% ਨਮੀਂ ਬਣਾ ਕੇ ਰਖੋ। ਕੇਸਿੰਗ ਦੇ 15-17 ਦਿਨਾਂ ਬਾਅਦ ਮਿਲਕੀ ਖੁੰਬ ਦੇ ਕਿਣਕੇ ਨਜ਼ਰ ਆਉਣੇ ਸ਼ੁਰੂ ਹੋ ਜਾਂਦੇ ਹਨ ਅਤੇ ਇਸ ਫ਼ਸਲ ਦੀ ਤੁੜਾਈ 30-35 ਦਿਨਾਂ ਲਈ ਜਾਰੀ ਰਹਿੰਦੀ ਹੈ।

# ਜੈਵਿਕ ਕਮਾਦ ਅਤੇ ਗੁੜ ਦੇ ਉਤਪਾਦਨ ਵਿੱਚ ਸ. ਸੁਖਦੇਵ ਸਿੰਘ ਦੀ ਸਫਲ ਯਾਤਰਾ

ਖੇਤੀ ਰਸਾਇਣਾਂ ਦੀ ਅੰਧਾਧੁੰਦ ਵਰਤੋਂ ਕਾਰਨ ਜਿੱਥੇ ਸਾਡੀ ਮਿੱਟੀ, ਪਾਣੀ ਅਤੇ ਹਵਾ ਜ਼ਹਿਰੀਲੀ ਹੋਈ ਹੈ, ਉੱਥੇ ਮਨੁੱਖੀ ਸਿਹਤ ’ਤੇ ਵੀ ਮਾੜੇ ਪ੍ਰਭਾਵ ਦੇਖਣ ਨੂੰ ਮਿਲੇ ਹਨ। ਸ. ਸੁਖਦੇਵ ਸਿੰਘ ਸਪੁੱਤਰ ਸ. ਭੀਮ ਜ਼ਿਲ੍ਹੇ ਅੰਮ੍ਰਿਤਸਰ ਦੇ ਪਿੰਡ ਚਮਿਆਰੀ, ਤਹਿਸੀਲ ਅਤੇ ਬਲਾਕ ਅਜਨਾਲੇ ਦਾ ਅਗਾਂਹਵਧੂ ਕਿਸਾਨ ਹੈ। 14 ਅਕਤੂਬਰ, 1963 ਨੂੰ ਜਨਮੇ ਇਸ ਕਿਸਾਨ ਨੇ ਮੁੱਢਲੀ ਸਿੱਖਿਆ ਪਿੰਡ ਦੇ ਸਰਕਾਰੀ ਹਾਈ ਸਕੂਲ, ਚਮਿਆਰੀ ਵਿੱਚੋਂ ਪ੍ਰਾਪਤ ਕੀਤੀ। ਬੀ. ਐਸ. ਸੀ. ਐਗਰੀਕਲਚਰ ਦੀ ਡਿਗਰੀ ਖਾਲਸਾ ਕਾਲਜ, ਅੰਮ੍ਰਿਤਸਰ ਤੋਂ ਸੰਨ 1985 ਵਿੱਚ ਪ੍ਰਾਪਤ ਕਰਨ ਉਪਰੰਤ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ, ਪੰਜਾਬ ਵਿੱਚ 1988 ਤੋਂ 2014 ਤੱਕ ਸੇਵਾਵਾਂ ਨਿਭਾਈਆਂ। ਸ. ਸੁਖਦੇਵ ਸਿੰਘ ਪਹਿਲਾਂ ਕਣਕ-ਝੋਨੇ ਦੀ ਰਵਾਇਤੀ ਖੇਤੀ 12 ਏਕੜ ਰਕਬੇ ’ਤੇ ਕਰਦਾ ਸੀ, ਪਰ 2019 ਵਿੱਚ ਤਜ਼ਰਬੇ ਦੇ ਤੌਰ ’ਤੇ 3 ਕਿੱਲੇ ਰਕਬਾ ਕਮਾਦ ਹੇਠ ਲਿਆਂਦਾ ਅਤੇ ਜੈਵਿਕ ਕਮਾਦ ਅਤੇ ਜੈਵਿਕ ਗੁੜ ਬਣਾਉਣ ਦੀ ਸ਼ੁਰੂਆਤ ਕੀਤੀ।

ਸ. ਸੁਖਦੇਵ ਸਿੰਘ ਨੇ ਫਾਰਮ ਸੇਵਾ ਸਲਾਹਕਾਰ ਕੇਂਦਰ ਦੇ ਵਿਗਿਆਨੀਆਂ ਕਮਾਦ ਦੀ ਸਫਲ ਕਾਸ਼ਤ, ਨਦੀਨ ਅਤੇ ਖਾਦ ਪ੍ਰਬੰਧ, ਦੁਸ਼ਮਣ ਕੀੜਿਆਂ ਅਤੇ ਮਿੱਤਰ ਕੀੜਿਆਂ ਦੀ ਪਹਿਚਾਣ ਅਤੇ ਗੈਰ-ਰਸਾਇਣਿਕ ਰੋਕਥਾਮ ਦੇ ਢੰਗਾਂ ਅਤੇ ਕਈ ਹੋਰ ਵਿਗਿਆਨਕ ਨੁਕਤਿਆਂ ਦੀਆਂ ਟ੍ਰੇਨਿੰਗਾਂ ਪ੍ਰਾਪਤ ਕੀਤੀਆਂ ਅਤੇ ਆਪਣੀ ਕਮਾਦ ਦੀ ਖੇਤੀ ਅਤੇ ਪ੍ਰੋਸੈਸਿੰਗ ਨੂੰ ਕਾਮਯਾਬ ਬਣਾਇਆ।

**ਸ. ਸੁਖਦੇਵ ਸਿੰਘ ਵੱਲੋਂ ਅਪਣਾਈਆਂ ਤਕਨੀਕਾਂ :**

★ ਗੁੜ ਬਣਾਉਣ ਲਈ ਪੀ. ਏ. ਯੂ. ਵੱਲੋਂ ਸਿਫਾਰਿਸ਼ ਅਗੇਤੀਆਂ ਕਿਸਮਾਂ ਸੀ. ਓ.-15023 ਅਤੇ ਸੀ. ਓ.-118, ਦਰਮਿਆਨੀ, ਪਿਛੇਤੀ ਕਿਸਮ ਸੀ. ਓ. ਜੇ.-88 ਦੀ ਵਰਤੋਂ ਕੀਤੀ। ਇਹਨਾਂ ਕਿਸਮਾਂ ਦਾ ਗੁੜ ਵਧੀਆ ਬਣਦਾ ਹੈ।

★ ਗੁੜ ਤਾਜ਼ੇ ਰਸ ਦਾ ਵਧੀਆ ਬਣਦਾ ਹੈ ਅਤੇ ਵਧੀਆ ਰਿਕਵਰੀ ਲਈ ਵੇਲਣਾ ਵੀ ਚੰਗੀ ਕੁਆਲਿਟੀ ਵਰਤਿਆ ਹੈ।

★ ਗੁੜ ਨੂੰ ਲੰਬੇ ਸਮੇਂ ਤੱਕ ਸਟੋਰ ਕਰਨ ਲਈ ਨਮੀਂ ਦੀ ਮਾਤਰਾ (5-7%) ਦਾ ਖਾਸ ਧਿਆਨ ਰੱਖਿਆ ਗਿਆ।

★ ਜਦੋਂ ਪੱਤ ਕੜ ਕੇ ਤਿਆਰ ਹੋਣ ਵਾਲੀ ਹੋਵੇ, ਤਾਂ ਤਾਪਮਾਨ ਨਿਯੰਤਰਣ ਹੋਣਾ ਚਾਹੀਦਾ ਹੈ, ਤਾਂ ਕਿ ਬਣ ਰਿਹਾ ਗੁੜ ਸੜ ਨਾ ਜਾਵੇ।

**ਗੁੜ ਦੀਆਂ ਕਿਸਮਾਂ** : ਐਫ. ਏ. ਐਸ. ਸੀ., ਅੰਮ੍ਰਿਤਸਰ ਦੇ ਵਿਗਿਆਨੀਆਂ ਨੇ ਗੁੜ ਅਤੇ ਸ਼ੱਕਰ ਤੋਂ ਇਲਾਵਾ ਵੱਖ-ਵੱਖ ਤਰ੍ਹਾਂ ਦੇ ਗੁੜ ਬਣਾਉਣ ਲਈ ਪ੍ਰੇਰਿਆ। ਸ. ਸੁਖਦੇਵ ਸਿੰਘ ਨੇ ਗਾਹਕਾਂ ਦੀ ਲੋੜ ਅਨੁਸਾਰ ਤਿਲਾਂ ਵਾਲਾ ਗੁੜ, ਭੁੱਜੇ ਛੋਲਿਆਂ ਵਾਲਾ ਗੁੜ, ਬਦਾਮਾਂ ਵਾਲਾ ਗੁੜ, ਮੂੰਗਫਲੀ ਵਾਲਾ ਗੁੜ ਆਦਿ ਤਿਆਰ ਕੀਤੇ।

**ਮੰਡੀਕਰਨ ਦੇ ਤਰੀਕੇ** : ਵਿਆਹਾਂ ਅਤੇ ਹੋਰ ਖੁਸ਼ੀ ਦੇ ਸਮਾਗਮਾਂ ਵਿੱਚ ਸੱਦਾ ਪੱਤਰ ਨਾਲ ਮਠਿਆਈ ਦੇ ਡੱਬੇ ਦੇ ਬਦਲ ਵਜੋਂ ਗੁੜ ਦੇ ਡੱਬੇ ਤਿਆਰ ਕਰਕੇ ਗਾਹਕਾਂ ਨੂੰ ਮੁਹੱਈਆ ਕਰਵਾਏ। ਕਿਸਾਨ ਮੇਲਿਆਂ ਵਿੱਚ, ਪੰਜਾਬ ਨੌਜਵਾਨ ਕਿਸਾਨ ਸੰਸਥਾ ਵੱਲੋਂ ਲਗਾਏ ਜਾਂਦੇ ਸਟਾਲਾਂ ਵਿੱਚ ਗੁੜ ਦੀ ਨੁਮਾਇਸ਼ ਲਗਾਈ। ਗੁੜ ਦੀ ਪੈਕਿੰਗ ਵੀ ਵਿਗਿਆਨੀਆਂ ਦੀ ਸਲਾਹ ਨਾਲ ਅਜਿਹੀ ਕੀਤੀ ਕਿ ਮੌਨਸੂਨ ਦੇ ਮਹੀਨੇ ਵੀ ਗੁੜ ਸੰਭਾਲਿਆ ਗਿਆ।

**ਆਮਦਨ** : ਸ਼ੁਰੂਆਤ ਵਿੱਚ 3 ਏਕੜ ਦੇ ਕਮਾਦ ਦੀ ਖੇਤੀ ਕਰਨ ਵਾਲਾ ਇਹ ਕਿਸਾਨ ਅੱਜ ਕਮਾਦ ਦੀ ਖੇਤੀ 12 ਏਕੜ ’ਤੇ ਕਰ ਰਿਹਾ ਹੈ ਅਤੇ ਤਕਰੀਬਨ 44 ਲੱਖ ਆਮਦਨ ਪ੍ਰਤੀ ਏਕੜ ਕਮਾ ਰਿਹਾ ਹੈ। ਸ. ਸੁਖਦੇਵ ਸਿੰਘ ਆਪਣੇ ਪਿੰਡ ਲਈ ਅਤੇ ਜ਼ਿਲ੍ਹੇ ਦੇ ਹੋਰ ਕਿਸਾਨਾਂ ਲਈ ਇੱਕ ਮਿਸਾਲ ਬਣ ਕੇ ਉੱਭਰਿਆ ਹੈ। ਜੋ ਆਪਣੀ ਸਫਲਤਾ ਦਾ ਸਿਹਰਾ ਪੀ. ਏ. ਯੂ. ਦੇ ਵਿਗਿਆਨੀਆਂ ਦੇ ਸਿਰ ਬਨਦਾ ਹੈ।

**ਗੁਰਮੀਤ ਸਿੰਘ ਅਤੇ ਨਰਿੰਦਰਪਾਲ ਸਿੰਘ, ਫਾਰਮ ਸਲਾਹਕਾਰ ਸੇਵਾ ਕੇਂਦਰ, ਅੰਮ੍ਰਿਤਸਰ (ਮੋ. 98148-25584)**

# ਸਨਅਤੀ ਜ਼ਮੀਨ ਦੀ ਵਪਾਰਕ ਵਰਤੋਂ

## ਪੰਜਾਬ ਵਿੱਚ ਖੁਸ਼ਹਾਲੀ ਦੀ ਨਵੀਂ ਸ਼ੁਰੂਆਤ

ਪੰਜਾਬ ਸਰਕਾਰ ਵੱਲੋਂ ਕੁਝ ਦਿਨ ਪਹਿਲਾਂ ਸਨਅਤੀ ਜ਼ਮੀਨ ਪਾਲਿਸੀ ਵਿੱਚ ਕੀਤੀ ਗਈ ਵੱਡੀ ਤਬਦੀਲੀ ਸੂਬੇ ਦੇ ਵਪਾਰ ਅਤੇ ਆਰਥਿਕ ਹਾਲਾਤ ਨੂੰ ਪੂਰੀ ਤਰ੍ਹਾਂ ਬਦਲਣ ਦੀ ਸਮਰੱਥਾ ਰੱਖਦੀ ਹੈ। ਪੰਜਾਬ ਵਿੱਚ ਪਹਿਲੀ ਵਾਰ 1000 ਤੋਂ 4000 ਵਰਗ ਗਜ਼ ਦੇ ਸਨਅਤੀ ਪਲਾਟਾਂ ਦੀ ਵਪਾਰਕ ਵਰਤੋਂ, ਪਲਾਟ ਦੀ ਰਿਜ਼ਰਵ ਕੀਮਤ ’ਤੇ 12.5 ਫੀਸਦੀ ਕਨਵਰਜ਼ਨ ਫੀਸ ਦੇ ਕੇ ਹੋਟਲ, ਹਸਪਤਾਲ, ਸਨਅਤੀ ਪਾਰਕ, ਸ਼ਾਪਿੰਗ ਮਾਲ ਆਦਿ ਲਈ ਕੀਤੀ ਜਾ ਸਕਦੀ ਹੈ।

ਇੰਨਾ ਹੀ ਨਹੀਂ, 40,000 ਵਰਗ ਗਜ਼ ਤੱਕ ਦਾ ਵੱਡਾ ਉਦਯੋਗਿਕ ਪਲਾਟ ਵੀ ‘ਮਿਕਸ-ਯੂਜ਼ ਇੰਟੈਗ੍ਰੇਟਿਡ ਇੰਡਸਟ੍ਰੀਅਲ ਪਾਰਕ’ ਵਿੱਚ ਤਬਦੀਲ ਹੋ ਸਕੇਗਾ। ਇਸ ਨਾਲ 60 ਫੀਸਦੀ ਉਦਯੋਗਿਕ, 30 ਫੀਸਦੀ ਰਿਹਾਇਸ਼ੀ ਅਤੇ 10 ਫੀਸਦੀ ਖੇਤਰ ਵਪਾਰਕ ਵਰਤੋਂ ਲਈ ਹੋਵੇਗਾ।

ਇਸ ਨਵੀਂ ਨੀਤੀ ਦਾ ਇੱਕ ਹੋਰ ਅਹਿਮ ਪੱਖ ਇਹ ਹੈ ਕਿ ਪੰਜਾਬ ਸਮਾਲ ਇੰਡਸਟਰੀਜ਼ ਐਂਡ ਐਕਸਪੋਰਟ ਕਾਰਪੋਰੇਸ਼ਨ (ਪੀ. ਐਸ. ਆਈ. ਈ. ਸੀ.) ਦੇ ਲੀਜ਼ ਹੋਲਡ ਪਲਾਟ, ਜਿਨ੍ਹਾਂ ਵਿੱਚ ਹੁਣ ਤੱਕ ਗੁੰਝਲਦਾਰ ਟਰਾਂਸਫਰ ਨਿਯਮ ਸਨ, ਨੂੰ 20 ਰੁਪਏ ਪ੍ਰਤੀ ਵਰਗ ਗਜ਼ ਦੀ ਮਾਮੂਲੀ ਫੀਸ ’ਤੇ ਫ੍ਰੀ ਹੋਲਡ ਕਰਵਾਇਆ ਜਾ ਸਕੇਗਾ। ਇਸ ਨਾਲ ਜਿੱਥੇ ਸਰਕਾਰ ਨੂੰ ਲਗਭਗ 1000 ਕਰੋੜ ਰੁਪਏ ਦੀ ਆਮਦਨ ਹੋਣ ਦੀ ਸੰਭਾਵਨਾ ਹੈ, ਉਥੇ ਹੀ ਹਜ਼ਾਰਾਂ ਕਾਰੋਬਾਰੀਆਂ ਨੂੰ ਭਾਰੀ ਕਾਗਜ਼ੀ ਕਾਰਵਾਈ ਦੇ ਝੰਜਟ ਤੋਂ ਵੀ ਮੁਕਤੀ ਮਿਲੇਗੀ।

ਹੁਣ ਇਨ੍ਹਾਂ ਪਲਾਟਾਂ ’ਤੇ ਉਨ੍ਹਾਂ ਨੂੰ ਕਾਰੋਬਾਰ ਦੇ ਪਸਾਰ ਲਈ ਬੈਂਕਾਂ ਤੋਂ ਕਰਜ਼ਾ ਵੀ ਆਸਾਨੀ ਨਾਲ ਮਿਲ ਸਕੇਗਾ। ਇਹ ਨਵਾਂ ਨਿਯਮ ਪੰਜਾਬ ਦੇ ਇੰਡਸਟਰੀਅਲ ਅਸਟੇਟ ਦੇ ਪ੍ਰਬੰਧਨ ਅਤੇ ਸੇਵਾ ਸੰਭਾਲ ਨੂੰ ਵੀ ਸੌਖਾ ਬਣਾਉਣ ਦੇ ਨਾਲ-ਨਾਲ ਵਪਾਰ ਲਈ ਸਹੂਲਤੀ ਵਧਾਏਗਾ। ਪਲਾਟ ਦੇ ਮਾਲਕਾਂ ਦੇ ਕਾਨੂੰਨੀ ਝਗੜਿਆਂ ਨੂੰ ਘਟਾਉਣ ਵਿੱਚ ਲਾਹੇਵੰਦ ਸਾਬਿਤ ਹੋਵੇਗਾ।

**ਖਾਲੀ ਪਲਾਟਾਂ ਦੀ ਵਰਤੋਂ** : ਸਾਲ 2008, 2016 ਅਤੇ 2021 ਵਿੱਚ ਵੀ ਕਨਵਰਜ਼ਨ ਪਾਲਿਸੀ ਲਿਆਂਦੀ ਗਈ ਸੀ, ਪਰ 2021 ਦੀ ਪਾਲਿਸੀ ਵਿੱਚ ਨਿਯਮ ਇੰਨੇ ਸਖਤ ਸਨ ਕਿ ਉਦਯੋਗਿਕ ਪਲਾਟਾਂ ਦੀ ਵਪਾਰਕ ਵਰਤੋਂ ਤੇਜ਼ੀ ਨਹੀਂ ਫੜ ਸਕੀ। ਨਵੀਂ ਸੋਧੀ ਨੀਤੀ ਵਿੱਚ ਲੀਜ਼ ਹੋਲਡ ਤੋਂ ਫ੍ਰੀ ਹੋਲਡ ਵਿੱਚ ਤਬਦੀਲ ਪਲਾਟਾਂ ਲਈ ਕਈ ਨਵੇਂ ਬਦਲ ਦਿੱਤੇ ਗਏ ਹਨ।

ਜਿਹੜੇ ਸਨਅਤੀ ਪਲਾਟ ਕਈ ਸਾਲਾਂ ਤੋਂ ਬੇਕਾਰ ਪਏ ਹਨ, ਉਨ੍ਹਾਂ ਨੂੰ ਵਪਾਰਕ ਵਰਤੋਂ ਵਿੱਚ ਲਿਆਉਣ ਨਾਲ ਨਿਵੇਸ਼ ਦੁਬਾਰਾ ਆ ਸਕਦਾ ਹੈ ਅਤੇ ਜ਼ਮੀਨ ਦੀ ਵਧੀਆ ਵਰਤੋਂ ਹੋਵੇਗੀ। ਲੁਧਿਆਣਾ, ਮੋਹਾਲੀ, ਜਲੰਧਰ ਅਤੇ ਅੰਮ੍ਰਿਤਸਰ ਵਰਗੇ ਪ੍ਰਮੁੱਖ ਉਦਯੋਗਿਕ ਸ਼ਹਿਰਾਂ ਦੇ 52 ਫੋਕਲ ਪੁਆਇੰਟਾਂ ਵਿੱਚ ਕੁੱਲ 14000 ਸਨਅਤੀ ਪਲਾਟ ਹਨ, ਜਿਨ੍ਹਾਂ ਵਿੱਚੋਂ ਕਈ ਪਲਾਟਾਂ ਵਿੱਚ ਕਾਰੋਬਾਰੀ ਟ੍ਰੇਡਿੰਗ, ਰਿਟੇਲ, ਹੋਟਲ, ਸ਼ਾਪਿੰਗ ਮਾਲ ਜਾਂ ਹੋਰ ਕਾਰੋਬਾਰ ਕਰਨ ਬਾਰੇ ਕਈ ਸਾਲਾਂ ਤੋਂ ਉਡੀਕ ਕਰ ਕਰ ਰਹੇ ਹਨ।



ਡਾ. ਅੰਮ੍ਰਿਤ ਸਾਗਰ ਮਿੱਤਲ, ਵਾਈਸ ਚੇਅਰਮੈਨ ਸੋਨਾਲੀਕਾ

ਇਸ ਪਹਿਲ ਨਾਲ ਇਨ੍ਹਾਂ ਸ਼ਹਿਰਾਂ ਵਿੱਚ ਉਨ੍ਹਾਂ ਕਾਰੋਬਾਰੀਆਂ ਨੂੰ ਭਾਰੀ ਰਾਹਤ ਮਿਲੇਗੀ, ਜੋ ਕਮਰਸ਼ੀਅਲ ਜਾਇਦਾਦਾਂ ਦੀਆਂ ਆਸਮਾਨ ਛੂੰਹਦੀਆਂ ਕੀਮਤਾਂ ਕਾਰਨ ਕਾਰੋਬਾਰ ਵਿੱਚ ਵਾਧਾ ਨਹੀਂ ਕਰ ਸਕਦੇ।



ਜ਼ਮੀਨ ਦੀਆਂ ਉੱਚੀਆਂ ਕੀਮਤਾਂ ਹਮੇਸ਼ਾਂ ਲਈ ਨਿਵੇਸ਼ਕਾਂ ਅਤੇ ਮੌਜੂਦਾ ਕਾਰੋਬਾਰ ਦੇ ਪਸਾਰ ਵਿੱਚ ਇੱਕ ਵੱਡੀ ਰੁਕਾਵਟ ਰਹੀਆਂ ਹਨ। ਤਾਜ਼ਾ ਨਿਲਾਮੀ ਵਿੱਚ ਪੀ. ਐਸ. ਆਈ. ਈ. ਸੀ. ਦੇ 260 ਪਲਾਟਾਂ ਵਿੱਚੋਂ ਸਿਰਫ 50 ਦੀ ਹੀ ਬੋਲੀ ਹੋ ਸਕੀ ਸੀ ਅਤੇ ਇਨ੍ਹਾਂ ਦੀਆਂ ਕੀਮਤਾਂ ਵੀ ਰਿਜ਼ਰਵ ਰੇਟ ਤੋਂ 3 ਤੋਂ 4 ਗੁਣਾ ਵੱਧ ਰਹੀਆਂ।

ਮੋਹਾਲੀ ਵਿੱਚ 39,000 ਤੋਂ 43,000 ਰੁਪਏ ਪ੍ਰਤੀ ਵਰਗ ਗਜ਼ ਰਿਜ਼ਰਵ ਰੇਟ ਦੇ ਮੁਕਾਬਲੇ ਬੋਲੀ 1.50 ਤੋਂ 1.65 ਲੱਖ ਰੁਪਏ ਪ੍ਰਤੀ ਵਰਗ ਗਜ਼ ਤੱਕ ਗਈ।

**ਚੰਡੀਗੜ੍ਹ ਤੋਂ ਸਬਕ** : ਪੰਜਾਬ ਦੀ ਇੰਡਸਟਰੀਅਲ ਪਲਾਟ ਕਨਵਰਜ਼ਨ ਪਾਲਿਸੀ ਚੰਡੀਗੜ੍ਹ ਵਾਂਗ ਬਣਾਈ ਗਈ ਹੈ। ਸਾਲ 2005 ਵਿੱਚ ਚੰਡੀਗੜ੍ਹ ਪ੍ਰਸ਼ਾਸ਼ਨ ਇੰਡਸਟਰੀਅਲ ਪਲਾਟਾਂ ਦੀ ਵਪਾਰਕ ਕਨਵਰਜ਼ਨ ਦੀ ਪਾਲਿਸੀ ਲਿਆਇਆ ਸੀ, ਜਿਸ ਵਿੱਚ 82 ਉਦਯੋਗਿਕ ਪਲਾਟਾਂ ਦਾ 7.9 ਲੱਖ ਵਰਗ ਗਜ਼ ਖੇਤਰ ਵਪਾਰਕ ਥਾਂ ਵਿੱਚ ਤਬਦੀਲ ਹੋਇਆ। ਉੱਥੇ ਅਲਾਂਟੇ ਵਰਗਾ ਸ਼ਾਪਿੰਗ ਮਾਲ ਅਤੇ ਹਯਾਤ ਵਰਗੇ ਕਈ ਹੋਟਲ ਅਤੇ ਕਈ ਵਪਾਰਕ ਸਰਗਰਮੀਆਂ ਨੇ ਜ਼ੋਰ ਫੜਿਆ।

2008 ਵਿੱਚ ਪ੍ਰਸ਼ਾਸ਼ਨ ਨੂੰ ਇਹ ਪਾਲਿਸੀ ਵਾਪਸ ਲੈਣੀ ਪਈ, ਕਿਉਂਕਿ ਮਾਸਟਰ ਪਲਾਨ ਵਿੱਚ ਢਿੱਲ ਦੇਣ ਕਾਰਨ ਟ੍ਰੈਫਿਕ, ਗੈਰ-ਕਾਨੂੰਨੀ ਪਾਰਕਿੰਗ ਅਤੇ ਹੋਰ ਬੁਨਿਆਦੀ ਸਹੂਲਤਾਂ ਅਤੇ ਸੇਵਾਵਾਂ ਵਿੱਚ ਗੜਬੜ ਹੋਣ ਲੱਗੀ।

ਚੰਡੀਗੜ੍ਹ ਦੀ ਪਾਲਿਸੀ ਤੋਂ ਸਬਕ ਲੈਂਦੇ ਹੋਏ ਪੰਜਾਬ ਨੂੰ ਇਹ ਯਕੀਨੀ ਕਰਨਾ ਹੋਵੇਗਾ ਕਿ ਇੰਡਸਟਰੀਅਲ ਏਰੀਆ ਦੇ ਵਪਾਰਕ ਵਿਕਾਸ ਲਈ ਜ਼ਰੂਰੀ ਬੁਨਿਆਦੀ ਸੇਵਾਵਾਂ ਨਾ ਵਿਗੜਨ, ਇਸ ਲਈ ਇੱਕ ਢੁੱਕਵੇਂ ਅਤੇ ਸਿਸਟਮ ਆਧਾਰਿਤ ਹੱਲ ਨੂੰ ਪਹਿਲਾਂ ਹੀ ਕਰਨਾ ਹੋਵੇਗਾ।

**ਸੰਤੁਲਿਤ ਵਿਕਾਸ ਲਈ 5 ਅਹਿਮ ਕਦਮ** : ਸਨਅਤੀ ਜ਼ਮੀਨ ਦੀ ਵਪਾਰਕ ਵਰਤੋਂ ਦੀ ਆਗਿਆ ਅਤੇ ਲੀਜ਼ ਹੋਲਡ ਤੋਂ ਫਰੀ ਹੋਲਡ ਇੰਡਸਟਰੀਅਲ ਪਲਾਟ ਦੇ ਅਧਿਕਾਰ ਦੀ ਨਵੀਂ ਉਦਯੋਗਿਕ ਜ਼ਮੀਨ ਬਾਰੇ ਨੀਤੀ ਸਫਲ ਬਣਾਉਣ ਲਈ ਪੰਜਾਬ ਨੂੰ 5 ਅਹਿਮ ਕਾਰਜਾਂ ਨਾਲ ਇਸ ਨੂੰ ਲਾਗੂ ਕਰਨ ਦੀ ਲੋੜ ਹੈ। ਪਹਿਲਾ, ਲੈਂਡ ਸਰਵੇ ਲੁਧਿਆਣਾ, ਮੋਹਾਲੀ, ਜਲੰਧਰ, ਅੰਮ੍ਰਿਤਸਰ ਅਤੇ ਮੰਡੀ ਗੋਬਿੰਦਗੜ੍ਹ ਵਰਗੇ ਇਲਾਕਿਆਂ ਵਿੱਚ ਖਾਲੀ ਸਨਅਤੀ ਪਲਾਟਾਂ ਦਾ ਸਰਵੇਖਣ ਕਰਕੇ ਉਨ੍ਹਾਂ ਦੀ ਪਛਾਣ ਕੀਤੀ ਜਾਵੇ ਕਿ ਕਿੰਨੇ ਪਲਾਟ ਕਿੰਨੇ ਸਾਲਾਂ ਤੋਂ ਖਾਲੀ ਪਏ ਹਨ।

ਉਨ੍ਹਾਂ ਦੀ ਵਪਾਰਕ ਕੀਮਤ ਇਸ ਸਮੇਂ ਕਿੰਨੀ ਹੈ ? ਇਸ ਲਈ ਪੀ. ਐਸ. ਆਈ. ਈ. ਸੀ. ਅਤੇ ਨਗਰ ਨਿਗਮ ਦੇ ਰਿਕਾਰਡ ਦੀ ਮੱਦਦ ਲਈ ਜਾ ਸਕਦੀ ਹੈ। ਦੂਜਾ, ਮੂਲ ਢਾਂਚਾ ਕਮਰਸ਼ੀਅਲ ਪ੍ਰੋਜੈਕਟ ਦੀ ਪ੍ਰਵਾਨਗੀ ਉਦੋਂ ਹੀ ਦਿੱਤੀ ਜਾਵੇ, ਜਦੋਂ ਉੱਥੇ ਸੜਕਾਂ, ਸੀਵਰੇਜ, ਪਾਰਕਿੰਗ ਅਤੇ ਬਿਜਲੀ-ਪਾਣੀ ਵਰਗੀਆਂ ਬੁਨਿਆਦੀ ਸਹੂਲਤਾਂ ਹੋਣ।

ਤੀਜਾ, ਮਾਸਟਰ ਪਲਾਨ ਦੀ ਪਾਲਣਾ ਘੱਟੋ-ਘੱਟ 1,000 ਵਰਗ ਗਜ਼ ਦਾ ਪਲਾਟ ਤੈਅ ਕਰਕੇ ਕੀਤੀ ਜਾਵੇਗੀ, ਜਿਸ ਵਿੱਚ ਸੀਮਤ ਤਬਦੀਲੀ ਹੋਵੇ। 10 ਫੀਸਦੀ ਗ੍ਰੀਨ ਬੈਲੇਟ ਵਿਕਸਿਤ ਕਰਨੀ ਜ਼ਰੂਰੀ ਹੋਵੇ। ਟ੍ਰੈਫਿਕ ਇੰਪੈਕਟ ਸਟੱਡੀ ਵੀ ਜ਼ਰੂਰੀ ਹੈ ਤਾਂ ਜੋ ਚੰਡੀਗੜ੍ਹ ਦੇ ਅਲਾਂਟੇ ਮਾਲ ਵਰਗੀ ਗੜਬੜ ਨਾ ਹੋ ਜਾਵੇ, ਜਿੱਥੇ ਟ੍ਰੈਫਿਕ ਜਾਮ ਦੀ ਭਾਰੀ ਸਮੱਸਿਆ ਹੋਰਨਾਂ ਵਪਾਰਕ ਸਰਗਰਮੀਆਂ ਲਈ ਵੱਡੀ ਰੁਕਾਵਟ ਬਣੀ ਤਾਂ ਪ੍ਰਸ਼ਾਸ਼ਨ ਨੂੰ ਕਨਵਰਜ਼ਨ ਪਾਲਿਸੀ ਵਾਪਸ ਲੈਣੀ ਪਈ। ਚੌਥਾ, ਚੌਗਿਰਦਾ ਅਤੇ ਵਿਕਾਸ ਦੇ ਪੱਧਰ - ਲੁਧਿਆਣਾ ਵਰਗੇ ਪ੍ਰਦੂਸ਼ਣ ਪੱਖੋਂ ਨਾਜ਼ੁਕ ਇਲਾਕਿਆਂ ਵਿੱਚ ਜ਼ੀਰੋ ਲਿਕੁਇਡ ਡਿਸਚਾਰਜ ਜ਼ਰੂਰੀ ਹੋਵੇ ਅਤੇ ਚੌਗਿਰਦਾ ਪ੍ਰਭਾਵ ਦਾ ਸਰਟੀਫਿਕੇਟ ਲਾਗੂ ਕੀਤਾ ਜਾਵੇ। ਪੰਜਵਾਂ, ਈ-ਗਵਰਨੈਂਸ ਸਿਸਟਮ-ਕਨਵਰਜ਼ਨ ਫੀਸ 12.5 ਫੀਸਦੀ ਅਤੇ ਫ੍ਰੀ ਹੋਲਡ ਲਈ 20 ਰੁਪਏ ਪ੍ਰਤੀ ਵਰਗ ਗਜ਼ ਨੂੰ ਸਰਕਾਰੀ ਬੋਰਡ ਵਿੱਚ ਦਰਜ ਕੀਤਾ ਜਾਵੇ। ਇੱਕ ਆਨਲਾਈਨ ਪੋਰਟਲ ਬਣੇ, ਜਿਸ ਵਿੱਚ ਸਪੱਸ਼ਟ ਪ੍ਰਕਿਰਿਆ, ਕਾਨੂੰਨੀ ਜਾਂਚ ਅਤੇ ਕਨਵਰਜ਼ਨ ਦੀ ਸਮਾਂ-ਹੱਦ ਤੈਅ ਹੋਵੇ ਤਾਂ ਜੋ ਫਾਈਲਾਂ ਪੈਂਡਿੰਗ ਨਾ ਰਹਿਣ ਅਤੇ ਕਾਰੋਬਾਰੀਆਂ ਦਾ ਪਾਲਿਸੀ ’ਤੇ ਭਰੋਸਾ ਕਾਇਮ ਹੋਵੇ।

**ਅੱਗੇ ਦੀ ਰਾਹ** : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਲੀਡਰਸ਼ਿਪ ਤੋਂ ਇਹ ਉਮੀਦ ਕੀਤੀ ਜਾਂਦੀ ਹੈ ਕਿ ਇਸ ਯੋਜਨਾ ਨੂੰ ਪੜਾਅਵਾਰ ਢੰਗ ਨਾਲ ਡਾਟਾ ਆਧਾਰਿਤ, ਕਮਰਸ਼ੀਅਲ ਜ਼ੋਨਿੰਗ ਦੇ ਨਿਯਮਾਂ, ਬੁਨਿਆਦੀ ਮੂਲਢਾਂਚਾ, ਚੌਗਿਰਦੇ ਦੀ ਰਾਖੀ ਅਤੇ ਪਾਰਦਰਸ਼ੀ ਗਵਰਨੈਂਸ ਨਾਲ ਲਾਗੂ ਕੀਤਾ ਜਾਵੇ ਤਾਂ ਜੋ ਪੰਜਾਬ ਆਪਣੇ ਉਦਯੋਗਿਕ ਇਤਿਹਾਸ ਨੂੰ ਵਪਾਰਕ ਤਾਕਤ ਵਿੱਚ ਤਬਦੀਲ ਕਰ ਸਕੇ।

ਸਨਅਤੀ, ਵਪਾਰਕ ਅਤੇ ਸਰਵਿਸ ਸੈਕਟਰ ਦਰਮਿਆਨ ਸੰਤੁਲਨ ਬਣਾਉਣ ਲਈ ਕੀਤੀ ਗਈ ਇਹ ਤਬਦੀਲੀ ਨਾ ਸਿਰਫ ਨਵੇਂ ਮੌਕਿਆਂ ਨੂੰ ਹੱਲਾਸ਼ੇਰੀ ਦੇਵੇਗੀ, ਸਗੋਂ ਪੰਜਾਬ ਨੂੰ ਖੁਸ਼ਹਾਲੀ ਦੇ ਰਾਹ ਵੱਲ ਵੀ ਲਿਜਾਏਗੀ।

**(ਲੇਖਕ ਕੈਬਨਿਟ ਮੰਤਰੀ ਰੈਂਕ ਵਿੱਚ ਪੰਜਾਬ ਇਕਨਾਮਿਕ ਪਾਲਿਸੀ ਅਤੇ ਪਲਾਨਿੰਗ ਬੋਰਡ ਦੇ ਵਾਈਸ ਚੇਅਰਮੈਨ ਵੀ ਹਨ।)**

# ਪਾਪਲਰ ਦੇ ਕੀੜਿਆਂ ਦੀ ਰੋਕਥਾਮ

**ਅਰਸ਼ਦੀਪ ਕੌਰ ਗਿੱਲ ਅਤੇ ਪਰਮਿੰਦਰ ਸਿੰਘ, ਵਣ ਅਤੇ ਕੁਦਰਤੀ ਸੌਮੇ ਵਿਭਾਗ, ਪੀ. ਏ. ਯੂ., ਲੁਧਿਆਣਾ ।**

ਵਣ-ਖੇਤੀ ਖੇਤੀਬਾੜੀ 'ਚ ਵਿਭਿੰਨਤਾ ਲਿਆਉਣ ਦਾ ਵਧੀਆ ਹੱਲ ਹੈ। ਜਲਦੀ ਵਧਣ ਵਾਲੇ ਅਤੇ ਚੋਖੇ ਮੁਨਾਫੇ ਵਾਲੇ ਰੁੱਖ ਵਣ ਖੇਤੀ ਵਿਚ ਜਲਦੀ ਅਪਣਾਏ



ਜਾਂਦੇ ਹਨ। ਪਾਪਲਰ ਤੇਜ਼ੀ ਨਾਲ ਵਧਣ ਵਾਲਾ ਅਜਿਹਾ ਰੁੱਖ ਹੈ, ਜਿਸ ਦੀ ਨਰਮ ਲੱਕੜੀ ਤੋਂ ਕਈ ਵਸਤਾਂ ਜਿਵੇਂ ਮਾਚਸ ਦੀਆਂ ਤੀਲਾਂ, ਡੱਬੀਆਂ, ਪਲਾਈ, ਕਾਗਜ਼ ਆਦਿ ਬਣਦੀਆਂ ਹਨ । ਪਾਪਲਰ ਦੀ ਸਫਲ ਕਾਸ਼ਤ 'ਚ ਕੀੜੇ-ਮਕੌੜੇ ਅਤੇ ਬਿਮਾਰੀਆਂ ਦਾ ਹਮਲਾ ਇਕ ਬਹੁਤ ਵੱਡਾ ਅੜਿੱਕਾ ਹੈ । ਸਮੇਂ ਸਿਰ ਇਨ੍ਹਾਂ ਆਫਤਾਂ ਦੇ ਸੁਚੱਜੇ ਉਪਚਾਰ ਨਾਲ ਕਿਸਾਨ ਵੀ ਭਾਰੇ ਆਰਥਿਕ ਨੁਕਸਾਨ ਤੋਂ ਬਚ ਸਕਦੇ ਹਨ ।

**ਪਾਪਲਰ ਦੇ ਮੁੱਖ ਕੀੜੇ**

**1. ਪੱਤੇ ਖਾਣ ਵਾਲੀਆਂ ਸੁੰਡੀਆਂ** : ਹਮਲੇ ਦਾ ਮੁੱਖ ਸਮਾਂ : ਜੁਲਾਈ ਤੋਂ ਨਵੰਬਰ ।

**ਹਮਲੇ ਦੇ ਲੱਛਣ** : ਕੀੜੇ ਦੇ ਪਤੰਗੇ ਸਲੇਟੀ ਭੂਰੇ ਰੰਗ ਦੇ ਅਤੇ ਇਨ੍ਹਾਂ ਦੇ ਮੂਹਰਲੇ ਪਾਸੇ ਚਿੱਟੇ ਰੰਗ ਦੇ ਟੇਡੇ-ਮੇਢੇ ਨਿਸ਼ਾਨ ਹੁੰਦੇ ਹਨ। ਇਨ੍ਹਾਂ ਦੇ ਖੰਭਾ ਦੇ ਕਿਨਾਰੇ ਲਾਲ-ਭੂਰੇ ਰੰਗ ਦੇ ਹੁੰਦੇ ਹਨ । ਅੰਡੇ ਝੁੰਡ ਵਿਚ ਹੁੰਦੇ ਹਨ । ਸੁੰਡੀਆਂ ਦੀਆਂ ਪਹਿਲੀਆਂ ਤਿੰਨ ਅਵਸਥਾਵਾਂ ਝੁੰਡ ਵਿਚ ਹਮਲਾ ਕਰਦੀਆਂ ਹਨ ਅਤੇ ਇਹ ਬਹੁਤ ਹੀ ਜ਼ਿਆਦਾ ਪਦਾਰਥ ਖਾਂਦੀਆਂ ਹਨ । ਇਹ ਸੁੰਡੀਆਂ ਪੱਤਿਆਂ ਨੂੰ ਛਿਲਦੀਆਂ ਹਨ ਅਤੇ ਇਨ੍ਹਾਂ ਨੂੰ ਛਾਣਨੀ ਕਰ ਦਿੰਦੀਆਂ ਹਨ। ਸੁੰਡੀਆਂ ਦੀ ਚੌਥੀ ਅਤੇ ਪੰਜਵੀਂ ਅਵਸਥਾ ਇਕੱਲੀ-ਇਕੱਲੀ ਪਾਈ ਜਾਂਦੀ ਹੈ ਅਤੇ ਇਹ ਨਾੜਾਂ ਨੂੰ ਛੱਡ ਕੇ ਸਾਰਾ ਪੱਤਾ ਖਾ ਜਾਂਦੀ ਹੈ ।

**ਰੋਕਥਾਮ** : ੳ) ਅੰਡਿਆਂ ਅਤੇ ਸੁੰਡੀਆਂ ਦੇ ਝੁੰਡਾਂ ਨੂੰ ਇਕੱਠੇ ਕਰ ਕੇ ਸਾੜ ਕੇ ਜਾਂ ਫਿਰ ਮਸਲ ਕੇ ਨਸ਼ਟ ਕੀਤਾ ਜਾ ਸਕਦਾ ਹੈ ।

ਅ) ਦਸੰਬਰ ਵਿਚ 2-3 ਵਾਰ ਖੇਤ ਨੂੰ ਵਾਹਣ ਨਾਲ ਮਿੱਟੀ ਵਿਚ ਦੱਬੇ ਹੋਏ ਕੋਇਆਂ ਨੂੰ ਖਤਮ ਕੀਤਾ ਜਾ ਸਕਦਾ ਹੈ ।

**2. ਪੱਤਾ ਲਪੇਟ ਸੁੰਡੀ** : ਹਮਲੇ ਦਾ ਮੁੱਖ ਸਮਾਂ : ਜੁਲਾਈ ਤੋਂ ਨਵੰਬਰ ।

**ਹਮਲੇ ਦੇ ਲੱਛਣ** : ਇਹ ਸੁੰਡੀ ਦੋ ਪੱਤਿਆਂ ਨੂੰ ਜੋੜ ਕੇ ਇਨ੍ਹਾਂ ਪੱਤਿਆਂ ਦਾ ਹਰਾ ਪਦਾਰਥ ਖਾਂਦੀ ਹੈ । ਪੱਤਿਆਂ 'ਤੇ ਸੁੰਡੀ ਦਾ ਹਮਲਾ ਹੋਵੇ ਤਾਂ ਉਹ ਸੁੱਕ ਜਾਂਦੇ ਹਨ ਅਤੇ ਭੂਰੇ ਰੰਗ ਦੇ ਹੋ ਜਾਂਦੇ ਹਨ ।

**ਰੋਕਥਾਮ** : ਉਹ ਸਾਰੀਆਂ ਵਿਧੀਆਂ ਵਰਤੋਂ ਜੋ ਅਸੀਂ ਪੱਤੇ ਖਾਣ ਵਾਲੀਆਂ ਸੁੰਡੀਆਂ ਲਈ ਵਰਤਦੇ ਹਾਂ ।

**3. ਸੱਕ ਖਾਣ ਵਾਲੀ ਸੁੰਡੀ** : ਹਮਲੇ ਦਾ ਮੁੱਖ ਸਮਾਂ : ਜੁਲਾਈ ਤੋਂ ਅਕਤੂਬਰ ।

**ਹਮਲੇ ਦੇ ਲੱਛਣ** : ਸੁੰਡੀਆਂ ਆਪਣੇ ਸਰੀਰ ਨੂੰ ਲੱਕੜੀ ਦੇ ਬੂਰੇ ਅਤੇ ਨਿਕਾਸੀ ਪਦਾਰਥ ਨਾਲ ਢੱਕ ਕੇ ਤਣੇ ਦੀ ਛਿੱਲ ਨੂੰ ਖਾਂਦੀਆਂ ਹਨ। ਬਾਹਰ ਤੋਂ ਇਸ ਸੁੰਡੀ ਦਾ ਨੁਕਸਾਨ ਮੋਟੀਆਂ, ਰਿੱਬਨ ਵਰਗੀਆਂ, ਸਿਲਕੀ ਜਾਲਿਆਂ ਦੀ ਤਰ੍ਹਾਂ ਮੁੱਖ ਤਣੇ ਦੀਆਂ ਟਹਿਣੀਆਂ ਅਤੇ ਖਾਸ ਤੌਰ 'ਤੇ ਦੋ ਟਹਿਣੀਆਂ ਦੇ ਵਿਚਕਾਰ ਦਿਖਾਈ ਦਿੰਦਾ ਹੈ। ਸੁੰਡੀ ਤਣੇ ਦੇ ਵਿਚ, ਟਹਿਣੀਆਂ ਦੇ ਜੋੜ ਦੇ ਉੱਪਰ ਐਲ ਆਕਾਰ ਦੀਆਂ ਸੁਰੰਗਾਂ ਬਣਾਉਂਦੀ ਹੈ । ਜੇਕਰ ਇਸ ਕੀੜੇ ਦਾ 2-3 ਸਾਲ ਤੱਕ ਲਗਾਤਾਰ ਹਮਲਾ ਹੋ ਜਾਵੇ ਤਾਂ ਇਹ ਸੁੰਡੀ ਦਰੱਖਤ ਨੂੰ ਮਾਰ ਦਿੰਦੀ ਹੈ ।

**ਰੋਕਥਾਮ** : ੳ) ਜਾਲਿਆਂ ਨੂੰ ਲਾਹ ਦਿਓ ਅਤੇ ਮਿੱਟੀ ਦਾ ਤੇਲ ਛੇਕਾ ਵਿਚ ਪਾ ਦਿਓ ।

ਅ) ਗਰਮੀਆਂ ਵਿਚ ਲੋੜ ਅਨੁਸਾਰ ਪਾਣੀ ਲਗਾਉਂਦੇ ਰਹੋ ।

ੲ) ਪਾਪਲਰ ਨੂੰ ਫਲਦਾਰ ਬੂਟਿਆਂ ਦੇ ਬਾਗ ਜਿਵੇਂ ਕਿ ਲੀਚੀ, ਅਮਰੂਦ ਆਦਿ ਦੇ ਆਸਪਾਸ ਨਾ ਲਗਾਉ ।

**4. ਤਣੇ ਦਾ ਗੜੂੰਆਂ** : ਹਮਲੇ ਦਾ ਮੁੱਖ ਸਮਾਂ : ਹਮਲੇ ਦਾ ਮੁੱਖ ਸਮਾਂ ਜੁਲਾਈ ਤੋਂ ਅਗਸਤ ਹੈ ਇਸ ਕੀੜੇ ਦੀਆਂ ਸੁੰਡੀਆਂ ਅਕਤੂਬਰ ਤੱਕ ਹਮਲਾ ਕਰਦੀਆਂ ਹਨ ਅਤੇ ਸਰਦੀਆਂ 'ਚ ਸੌਂ ਜਾਂਦੀਆਂ ਹਨ। ਇਨ੍ਹਾਂ ਸੁੰਡੀਆਂ ਦਾ ਜੀਵਨ ਚੱਕਰ ਦੋ ਸਾਲ 'ਚ ਪੂਰਾ ਹੁੰਦਾ ਹੈ ।

**ਹਮਲੇ ਦੇ ਲੱਛਣ** : ਨਰਸਰੀ : ਇਹ ਸੁੰਡੀਆਂ ਤਣੇ ਵਿਚੋਂ ਸੁਰੰਗਾਂ ਬਣਾ ਕੇ ਹੇਠਾਂ ਜੜ੍ਹ ਤੱਕ ਪਹੁੰਚ ਜਾਂਦੀਆਂ ਹਨ ।

ਦਰੱਖਤ : ਸੁੰਡੀਆਂ 10-12 ਸੈਂਟੀਮੀਟਰ ਦੇ ਅੰਤਰਾਲ ਤੇ 8-10 ਗੋਲ ਛੇਕ (ਜੋ ਕਿ ਖਾਧੇ ਹੋਏ ਪਦਾਰਥ ਅਤੇ ਨਿਕਾਸ ਨੂੰ ਬਾਹਰ ਸੁੱਟਣ ਲਈ) ਮੁੱਖ ਤਣੇ ਉੱਪਰ ਬਣਾਉਂਦੀਆਂ ਹਨ । ਦਰੱਖਤ ਦੀਆਂ ਟਹਿਣੀਆਂ, ਸ਼ਾਖਾ ਅਤੇ ਮੁੱਖ ਤਣਾ ਅੰਦਰੋ ਖੋਖਲਾ ਹੋ ਜਾਂਦਾ ਹੈ। ਅਖੀਰ ਵਿਚ ਦਰੱਖਤ ਕਮਜ਼ੋਰ ਹੋ ਜਾਂਦਾ ਹੈ ਅਤੇ ਤੇਜ਼ ਹਵਾ ਨਾਲ ਟੁੱਟ ਜਾਂਦਾ ਹੈ ।

**ਰੋਕਥਾਮ** : ਸੁੰਡੀ ਦੇ ਤਣੇ ਵਿਚ ਦਾਖਲ ਹੋਣ ਤੋਂ ਪਹਿਲਾ ਹਮਲੇ ਵਾਲੀਆਂ ਟਹਿਣੀਆਂ ਦੀ ਕਾਂਟ-ਛਾਂਟ ਅਗਸਤ-ਸਤੰਬਰ 'ਚ ਕਰ ਦਿਓ । ਖਾਧੇ ਹੋਏ ਪਦਾਰਥ ਨੂੰ ਬਾਹਰ ਸੁੱਟਣ ਲਈ ਬਣਾਏ ਹੋਏ ਗੋਲ ਛੇਕਾ ਨੂੰ ਪਛਾਣ ਕੇ ਉਨ੍ਹਾਂ ਨੂੰ ਚੀਕਣੀ ਮਿੱਟੀ ਨਾਲ ਭਰ ਦਿਓ ਅਤੇ ਕੇਵਲ ਤਣੇ 'ਤੇ ਸਭ ਤੋਂ ਹੇਠਲੀ ਮੋਰੀ 'ਚ ਮਿੱਟੀ ਦਾ ਤੇਲ ਪਾ ਦਿਉ । ਇਸ ਕੀੜੇ ਦੇ ਦੂਸਰੇ ਖੁਰਾਕੀ ਬੂਟੇ ਜਿਵੇਂ ਕਿ ਤੂਤ ਜਾਂ ਸੇਬ ਨੂੰ ਪਾਪਲਰ ਦੇ ਆਸਪਾਸ ਨਾ ਲਗਾਓ ।

# ਸਾਉਣੀ ਰੁੱਤ ਵਿਚ ਮੂੰਗੀ ਅਤੇ ਮਾਂਹ ਦੀਆਂ ਪੀਲਾ ਚਿਤਕਬਰਾ ਰੋਗ ਰੋਧਕ ਕਿਸਮਾਂ ਦੀ ਕਾਸ਼ਤ ਕਰੋ

**ਹਰਪ੍ਰੀਤ ਕੌਰ ਵਿਰਕ, ਗੁਰਇਕਬਾਲ ਸਿੰਘ ਅਤੇ ਪਾਰੁਲ ਸ਼ਰਮਾ,**
**ਪਲਾਂਟ ਬਰੀਡਿੰਗ ਅਤੇ ਜੈਨੇਟਿਕਸ ਵਿਭਾਗ (ਮੋ.81460-80300)**

ਸਿਫਾਰਸ਼ ਕੀਤੀਆਂ ਕਿਸਮਾਂ

| ਕਿਸਮਾਂ | ਔਸਤ ਝਾੜ (ਕੁਇੰ/ਏਕੜ) | ਵਿਸ਼ੇਸ਼ਤਾਵਾਂ |
|---|---|---|
| | ਮੂੰਗੀ | |
| ਐਮ ਐਲ 1808 | 4.8 | ਇਹ ਕਿਸਮ ਪੀਲੀ ਚਿਤਕਬਰੀ ਅਤੇ ਪੱਤਿਆਂ ਦੇ ਧੱਬਿਆਂ ਦੇ ਰੋਗਾਂ ਦਾ ਟਾਕਰਾ ਕਰਨ ਦੀ ਸਮਰੱਥਾ ਰੱਖਦੀ ਹੈ । ਇਹ ਕਿਸਮ ਤਕਰੀਬਨ 71 ਦਿਨਾਂ ਵਿਚ ਪੱਕ ਜਾਂਦੀ ਹੈ । ਇਸ ਦੇ ਦਾਣੇ ਦਰਮਿਆਨੇ ਮੋਟੇ ਅਤੇ ਹਰੇ ਚਮਕੀਲੇ ਹੁੰਦੇ ਹਨ ਅਤੇ ਦਾਲ ਸੁਆਦੀ ਬਣਦੀ ਹੈ । ਇਸ ਕਿਸਮ ਦੇ ਬੂਟੇ ਸਿੱਧੇ ਅਤੇ ਦਰਮਿਆਨੀ ਉੱਚਾਈ (ਤਕਰੀਬਨ 71 ਸੈਂਟੀਮੀਟਰ) ਦੇ ਹੁੰਦੇ ਹਨ । |
| ਐਮ ਐਲ 2056 | 4.6 | ਇਹ ਕਿਸਮ ਪੀਲੀ ਚਿਤਕਬਰੀ ਅਤੇ ਪੱਤਿਆਂ ਦੇ ਧੱਬਿਆਂ ਦੇ ਰੋਗਾਂ ਦਾ ਟਾਕਰਾ ਕਰਨ ਦੀ ਸਮਰੱਥਾ ਰੱਖਦੀ ਹੈ । ਇਹ ਕਿਸਮ ਤਕਰੀਬਨ 71 ਦਿਨਾਂ ਵਿਚ ਪੱਕ ਜਾਂਦੀ ਹੈ । ਇਸ ਦੇ ਦਾਣੇ ਦਰਮਿਆਨੇ ਮੋਟੇ ਅਤੇ ਹਰੇ ਚਮਕੀਲੇ ਹੁੰਦੇ ਹਨ ਅਤੇ ਦਾਲ ਸੁਆਦੀ ਬਣਦੀ ਹੈ । ਇਸ ਕਿਸਮ ਦੇ ਬੂਟੇ ਸਿੱਧੇ ਅਤੇ ਦਰਮਿਆਨੀ ਉੱਚਾਈ (ਤਕਰੀਬਨ 78 ਸੈਂਟੀਮੀਟਰ) ਦੇ ਹੁੰਦੇ ਹਨ । |
| ਐਮ ਐਲ 818 | 4.2 | ਇਹ ਕਿਸਮ ਪੀਲੀ ਚਿਤਕਬਰੀ ਅਤੇ ਪੱਤਿਆਂ ਦੇ ਧੱਬਿਆਂ ਦੇ ਰੋਗਾਂ ਦਾ ਮੁਕਾਬਲਾ ਕਰਨ ਦੀ ਸਮਰੱਥਾ ਰੱਖਦੀ ਹੈ ਇਹ ਕਿਸਮ ਤਕਰੀਬਨ 72 ਦਿਨਾਂ ਵਿਚ ਪੱਕ ਜਾਂਦੀ ਹੈ । ਇਸ ਦੇ ਦਾਣੇ ਹਰੇ ਰੰਗ ਦੇ ਚਮਕੀਲੇ ਹੁੰਦੇ ਹਨ ਅਤੇ ਦਾਲ ਸੁਆਦੀ ਬਣਦੀ ਹੈ । ਇਸ ਦੇ ਬੂਟੇ ਖੜ੍ਹਵੇਂ ਅਤੇ ਦਰਮਿਆਨੇ ਤਕਰੀਬਨ 75 ਸੈਂਟੀਮੀਟਰ ਕੱਦ ਦੇ ਹੁੰਦੇ ਹਨ । |
| | ਮਾਂਹ | |
| ਮਾਂਹ 883 | 4.2 | ਇਸ ਕਿਸਮ ਵਿਚ ਵਿਸ਼ਾਣੂੰ ਰੋਗ ਅਤੇ ਪੱਤਿਆਂ ਦੇ ਧੱਬਿਆਂ ਦੇ ਰੋਗਾਂ ਦਾ ਟਾਕਰਾ ਕਰਨ ਦੀ ਕਾਫੀ ਸਮਰੱਥਾ ਹੈ । ਇਹ ਤਕਰੀਬਨ 77 ਦਿਨਾਂ ਵਿਚ ਪੱਕ ਜਾਂਦੀ ਹੈ । ਇਸ ਦੇ ਦਾਣੇ ਦਰਮਿਆਨੇ ਮੋਟੇ ਅਤੇ ਕਾਲੇ ਰੰਗ ਦੇ ਹੁੰਦੇ ਹਨ, ਜੋ ਚੰਗੇ ਰਿੱਝਦੇ ਹਨ । ਇਸ ਕਿਸਮ ਦੇ ਪੌਦੇ ਮਧਰੇ, ਖੜ੍ਹਵੇਂ ਅਤੇ ਗੁੰਦਵੇਂ ਹੁੰਦੇ ਹਨ । |
| ਮਾਂਹ 114 | 3.6 | ਇਸ ਕਿਸਮ ਵਿਚ ਵਿਸ਼ਾਣੂੰ ਰੋਗ ਅਤੇ ਪੱਤਿਆਂ ਦੇ ਧੱਬਿਆਂ ਦੇ ਰੋਗਾਂ ਦਾ ਟਾਕਰਾ ਕਰਨ ਦੀ ਕਾਫੀ ਸਮਰੱਥਾ ਹੈ । ਇਹ ਤਕਰੀਬਨ 83 ਦਿਨਾਂ ਵਿਚ ਪੱਕ ਜਾਂਦੀ ਹੈ । ਇਸ ਦੇ ਦਾਣੇ ਮੋਟੇ ਅਤੇ ਕਾਲੇ ਰੰਗ ਦੇ ਹੁੰਦੇ ਹਨ, ਜੋ ਚੰਗੇ ਰਿੱਝਦੇ ਹਨ । ਇਸ ਕਿਸਮ ਦੇ ਪੌਦੇ ਮਧਰੇ, ਖੜ੍ਹਵੇਂ ਅਤੇ ਗੁੰਦਵੇਂ ਹੁੰਦੇ ਹਨ । |

**ਬਿਜਾਈ ਦਾ ਢੁੱਕਵਾਂ ਸਮਾਂ ਅਤੇ ਬੀਜ ਦੀ ਮਾਤਰਾ** : ਪੂਰਾ ਝਾੜ ਲੈਣ ਲਈ ਸਾਉਣੀ ਰੁੱਤ ਦੀ ਮੂੰਗੀ ਦੀ ਬਿਜਾਈ ਜੁਲਾਈ ਦੇ ਦੂਜੇ ਪੰਦਰਵਾੜੇ ਵਿਚ ਅਤੇ ਮਾਂਹ ਦੀ ਨੀਮ ਪਹਾੜੀ ਇਲਾਕਿਆਂ ਲਈ 15 ਤੋਂ 25 ਜੁਲਾਈ ਤੱਕ ਅਤੇ ਦੂਜੇ ਇਲਾਕਿਆਂ ਲਈ ਜੂਨ ਦੇ ਅਖੀਰਲੇ ਹਫਤੇ ਤੋ ਜੁਲਾਈ ਦੇ ਪਹਿਲੇ ਹਫਤੇ ਤੱਕ ਕਰਨੀ ਚਾਹੀਦੀ ਹੈ । ਬਿਜਾਈ ਲਈ ਸਾਉਣੀ ਰੁੱਤ ਦੀ ਮੂੰਗੀ ਦਾ 8 ਕਿਲੋ ਅਤੇ ਮਾਂਹ ਦਾ 6-8 ਕਿਲੋ ਬੀਜ ਪ੍ਰਤੀ ਏਕੜ ਵਰਤੋ ।

**ਬਿਜਾਈ ਦਾ ਢੰਗ** :

**ਕਤਾਰ ਤੋਂ ਕਤਾਰ ਦਾ ਫਾਸਲਾ** : 30 ਸੈਂਟੀਮੀਟਰ

**ਬੂਟੇ ਤੋਂ ਬੂਟੇ ਦਾ ਫਾਸਲਾ** : 10 ਸੈਂਟੀਮੀਟਰ

**ਡੂੰਘਾਈ** : 4 ਤੋਂ 6 ਸੈਂਟੀਮੀਟਰ



ਮੂੰਗੀ ਦਾ ਝਾੜ ਵਧਾਉਣ ਲਈ ਦੋ ਪਾਸੀ ਬਿਜਾਈ ਵਿਧੀ ਦੀ ਵਰਤੋਂ ਕਰੋ ਜਿਸ ਵਿਚ ਫਸਲ ਨੂੰ 30 ਸੈਂਟੀਮੀਟਰ ਕਤਾਰ ਦੇ ਫਾਸਲੇ ਤੇ ਦੋਵੇਂ ਦਿਸ਼ਾਵਾਂ ਵਿਚ ਬੀਜਣਾ ਸ਼ਾਮਲ ਹੈ। ਦਰਮਿਆਨੀਆਂ ਅਤੇ ਭਾਰੀਆਂ ਜ਼ਮੀਨਾਂ ਉੱਤੇ, ਕਣਕ ਦੇ ਬੈੱਡ ਪਲਾਂਟਰ ਦੀ ਵਰਤੋਂ ਨਾਲ, ਮੂੰਗੀ ਦੀਆਂ ਦੋ ਕਤਾਰਾਂ ਪ੍ਰਤੀ ਬੈੱਡ 20 ਸੈਂਟੀਮੀਟਰ ਦੀ ਦੂਰੀ ਤੇ 67.5 ਸੈਂਟੀਮੀਟਰ (37.5 ਸੈਂਟੀਮੀਟਰ ਬੈੱਡ ਦਾ ਉਪਰਲਾ ਹਿੱਸਾ ਤੇ 30 ਸੈਂਟੀਮੀਟਰ ਖਾਲੀ) ਦੀ ਦੂਰੀ ਵਾਲੇ ਬੈੱਡਾਂ ਤੇ ਕਰਨੀ ਚਾਹੀਦੀ ਹੈ । ਬੀਜ, ਖਾਦ ਅਤੇ ਹੋਰ ਖੇਤੀ ਤਕਨੀਕਾਂ ਦੀ ਵਰਤੋਂ ਪੱਧਰੀ ਬਿਜਾਈ ਦੀ ਤਰ੍ਹਾਂ ਕਰਨੀ ਚਾਹੀਦੀ ਹੈ । ਬੈੱਡ ਉੱਤੇ ਬੀਜੀ ਫਸਲ ਭਾਰੀ ਮੀਂਹ ਦੇ ਨੁਕਸਾਨ ਤੋਂ ਬਚਾਉਂਦੀ ਹੈ ਅਤੇ ਸਿੰਚਾਈ ਦੇ ਪਾਣੀ ਦੀ ਵੀ ਬੱਚਤ ਕਰਦੀ ਹੈ ।

# ਗਰਮੀਆਂ ਵਿੱਚ ਮਿਸ਼ਰਤ ਚਾਰਾ ਪ੍ਰਬੰਧ

ਡਾ. ਬਲਵਿੰਦਰ ਕੁਮਾਰ ਅਤੇ ਨਵਜੋਤ ਸਿੰਘ ਬਰਾੜ, ਕ੍ਰਿਸ਼ੀ ਵਿਗਿਆਨ ਕੇਂਦਰ, ਤਰਨ ਤਾਰਨ ।

ਪੰਜਾਬ ਵਿੱਚ ਤਕਰੀਬਨ 22 ਲੱਖ ਏਕੜ ਜ਼ਮੀਨ 'ਤੇ ਹਰਾ ਚਾਰਾ ਬੀਜਿਆ ਜਾਂਦਾ ਹੈ । ਇਸ ਦੀ ਸਾਲਾਨਾ ਪੈਦਾਵਾਰ ਲਗਭਗ 7.19 ਕਰੋੜ ਟਨ ਹੈ । ਇੱਕ ਦੁਧਾਰੂ ਪਸ਼ੂ ਨੂੰ ਲੱਗਭੱਗ 31.58 ਕਿਲੋ ਹੀ ਹਰਾ ਚਾਰਾ (ਪੰਜਾਬ ਵਿੱਚ) ਪ੍ਰਤੀ ਦਿਨ ਮਿਲ ਰਿਹਾ ਹੈ, ਜਦੋਂ ਕਿ ਇਕ ਜਵਾਨ ਪਸ਼ੂ ਨੂੰ ਆਪਣੇ ਸਰੀਰ ਦੀਆਂ ਕਿਰਿਆਵਾਂ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ 45-50 ਕਿਲੋ ਹਰੇ ਚਾਰੇ ਦੀ ਲੋੜ ਹੁੰਦੀ ਹੈ । ਡੇਅਰੀ ਧੰਦੇ 'ਚ ਹਰੇ ਚਾਰੇ ਜ਼ਰੂਰੀ ਖੁਰਾਕੀ ਤੱਤ ਦੇਣ ਲਈ ਸਭ ਤੋਂ ਸਸਤਾ ਅਤੇ ਵਧੀਆ ਸਾਧਨ ਹਨ ।



ਮਈ-ਜੂਨ ਦੇ ਮਹੀਨਿਆਂ ਵਿੱਚ ਹਰੇ ਚਾਰੇ ਦੀ ਕਾਫੀ ਕਿੱਲਤ ਆ ਜਾਂਦੀ ਹੈ, ਇਸ ਦੇ ਸਿੱਟੇ ਵਜੋਂ ਪਸ਼ੂਆਂ ਨੂੰ ਜਾਂ ਤਾਂ ਤੂੜੀ ਜਾਂ ਪਰਾਲੀ 'ਤੇ ਰੱਖਿਆ ਜਾਂਦਾ ਹੈ ਜਾਂ ਫਿਰ ਮਹਿੰਗਾ ਦਾਣਾ ਖੁਆਉਣਾ ਪੈਂਦਾ ਹੈ । ਤੂੜੀ ਜਾਂ ਪਰਾਲੀ ਪਸ਼ੂ ਦਾ ਢਿੱਡ ਭਰ ਦਿੰਦੇ ਹਨ, ਪਰ ਇਨ੍ਹਾਂ ਵਿੱਚ ਚੰਗੇ ਖੁਰਾਕੀ ਤੱਤਾਂ ਦੀ ਘਾਟ ਹੁੰਦੀ ਹੈ, ਜੋ ਕਿ ਪਸ਼ੂ ਦੀ ਖੁਰਾਕੀ ਤੱਤਾਂ ਦੀ ਲੋੜ ਨੂੰ ਪੂਰੀ ਕਰਨ ਵਿੱਚ ਅਸਹਾਈ ਹੁੰਦੇ ਹਨ ।

ਪਸ਼ੂਆਂ ਨੂੰ ਘੱਟ ਹਰਾ ਚਾਰਾ ਮਿਲਣ ਕਰਕੇ ਪਸ਼ੂਆਂ ਦੀ ਸਿਹਤ 'ਤੇ ਮਾੜਾ ਅਸਰ ਪੈਂਦਾ ਹੈ । ਪਸ਼ੂਆਂ ਦਾ ਭਾਰ ਘਟਣਾ ਸ਼ੁਰੂ ਹੋ ਜਾਂਦਾ ਹੈ ਅਤੇ ਪਸ਼ੂ ਦੁੱਧ ਦੇਣੋਂ ਹੱਟ ਜਾਂਦੇ ਹਨ । ਭੁੱਖ ਘੱਟ ਜਾਂਦੀ ਹੈ ਅਤੇ ਪਸ਼ੂ ਹੇਹੇ ਵਿੱਚ ਘੱਟ ਆਉਂਦਾ ਹੈ ਜਾਂ ਵਾਰ-ਵਾਰ ਫਿਰ ਜਾਂਦਾ ਹੈ । ਗੱਭਣ ਪਸ਼ੂਆਂ ਦੀ ਸਿਹਤ 'ਤੇ ਵੀ ਬਹੁਤ ਮਾੜਾ ਅਸਰ ਪੈਂਦਾ ਹੈ । ਜੇ ਦੁੱਧ ਦੀ ਇਕਸਾਰਤਾ, ਪਸ਼ੂਆਂ ਦੀ ਸਿਹਤ ਬਣਾਈ ਰੱਖਣੀ ਹੈ ਅਤੇ ਇਨ੍ਹਾਂ ਨੂੰ ਬਿਮਾਰੀਆਂ ਤੋਂ ਮੁਕਤ ਰੱਖਣਾ ਹੈ ਤਾਂ ਸਾਨੂੰ ਮਈ-ਜੂਨ ਦੇ ਮਹੀਨੇ ਵਿੱਚ ਪਸ਼ੂਆਂ ਲਈ ਵਧੀਆ ਹਰੇ ਚਾਰੇ ਉਪਲੱਬਧ ਕਰਵਾਉਣੇ ਚਾਹੀਦੇ ਹਨ । ਗਰਮੀਆਂ ਵਿੱਚ ਜ਼ਿਆਦਾਤਰ ਕਿਸਾਨ ਗੈਰ ਫਲੀਦਾਰ ਚਾਰੇ ਜਿਵੇਂ ਕਿ ਮੱਕੀ, ਜੁਆਰ ਅਤੇ ਬਾਜਰਾ ਹੀ ਬੀਜਦੇ ਹਨ । ਇਨ੍ਹਾਂ ਵਿੱਚ ਪ੍ਰੋਟੀਨ ਦੀ ਮਾਤਰਾ ਫਲੀਦਾਰ ਚਾਰਿਆਂ ਦੇ ਮੁਕਾਬਲੇ ਘੱਟ ਹੁੰਦੀ ਹੈ, ਜਦੋਂ ਕਿ ਗਰਮੀਆਂ ਵਿੱਚ ਪਸ਼ੂਆਂ ਨੂੰ ਪ੍ਰੋਟੀਨ ਦੀ ਵੱਧ ਲੋੜ ਹੁੰਦੀ ਹੈ । ਜਦੋਂ ਚਾਰੇ ਮਿਸ਼ਰਤ ਕਰਕੇ ਭਾਵ ਫਲੀਦਾਰ ਅਤੇ ਗੈਰ-ਫਲੀਦਾਰ ਚਾਰੇ ਰਲਾ ਕੇ ਬੀਜੇ ਜਾਂਦੇ ਹਨ ਤਾਂ ਪਸ਼ੂਆਂ ਨੂੰ ਦਾਣੇ ਦੇ ਮੁਕਾਬਲੇ ਪ੍ਰੋਟੀਨ ਸਸਤੇ ਭਾਅ 'ਤੇ ਮਿਲਦੀ ਹੈ ਅਤੇ ਦੂਜਾ ਹਰਾ ਚਾਰਾ ਤਾਕਤ ਭਰਪੂਰ ਹੋ ਜਾਂਦਾ ਹੈ । ਰਵਾਂਹ ਚਾਰੇ ਵਿੱਚ ਲਗਭਗ 24 ਫੀਸਦੀ ਪ੍ਰੋਟੀਨ ਹੁੰਦੀ ਹੈ । ਮਿਸ਼ਰਤ ਚਾਰਿਆਂ ਤੋਂ ਪਸ਼ੂਆਂ ਨੂੰ ਸੰਤੁਲਿਤ ਖੁਰਾਕ ਦੇ ਮਿਲਣ ਦੇ ਨਾਲ-ਨਾਲ ਹੋਰ ਖੁਰਾਕੀ ਤੱਤ ਜਿਵੇਂ ਕਿ ਵਿਟਾਮਿਨ ਅਤੇ ਹੋਰ ਖਣਿਜ ਪਦਾਰਥ ਵੱਧ ਮਾਤਰਾ ਵਿੱਚ ਪਸ਼ੂਆਂ ਨੂੰ ਮਿਲਦੇ ਹਨ, ਜੋ ਕਿ ਪਸ਼ੂਆਂ ਦੀ ਸਿਹਤ ਬਣਾਈ ਰੱਖਣ ਅਤੇ ਕਈਂ ਬਿਮਾਰੀਆਂ ਤੋਂ ਬਚਾਉਣ ਵਿੱਚ ਸਹਾਈ ਹੁੰਦੇ ਹਨ । ਇਸ ਲਈ ਇਹ ਜ਼ਰੂਰੀ ਹੈ ਕਿ ਰਲਿਆ-ਮਿਲਿਆ ਚਾਰਾ ਪੈਦਾ ਕੀਤਾ ਜਾਵੇ, ਜਿਸ ਵਿੱਚ ਫਲੀਦਾਰ ਚਾਰੇ ਜਿਵੇਂ ਕਿ ਰਵਾਂਹ, ਗੁਆਰਾ ਅਤੇ ਗੈਰ-ਫਲੀਦਾਰ ਚਾਰੇ ਜਿਵੇਂ ਕਿ ਮੱਕੀ, ਜੁਆਰ ਅਤੇ ਬਾਜਰਾ ਆਦਿ ਮਿਲਾ ਕੇ ਬੀਜੇ ਜਾਣ ਤਾਂ ਜੋ ਪਸ਼ੂਆਂ ਨੂੰ ਵਧੇਰੇ ਮਾਤਰਾ ਵਿੱਚ ਵਧੀਆ ਕੁਆਲਿਟੀ ਦੇ ਹਰੇ ਚਾਰੇ, ਗਰਮੀਆਂ ਵਿੱਚ ਉਪਲੱਬਧ ਕਰਾਏ ਜਾ ਸਕਣ । ਇਸ ਦੇ ਨਾਲ ਨਾਲ ਜਦੋਂ ਫਸਲ ਰਲਾ ਕੇ ਬੀਜੀ ਜਾਂਦੀ ਹੈ ਤਾਂ ਭੂਮੀ ਦੀ ਉਪਜਾਊ ਸ਼ਕਤੀ ਵੀ ਬਣੀ ਰਹਿੰਦੀ ਹੈ, ਜੋ ਕਿ ਅਜੋਕੇ ਸਮੇਂ ਦੀ ਲੋੜ ਵੀ ਹੈ ।

**ਮੱਕੀ + ਰਵਾਂਹ**

ਇਹ ਦੋਵੇਂ ਚਾਰੇ ਰਲਾ ਕੇ ਪੰਜਾਬ ਦੇ ਸੇਂਜੂ ਇਲਾਕਿਆਂ ਵਿੱਚ ਬੀਜੇ ਜਾ ਸਕਦੇ ਹਨ । ਇਨ੍ਹਾਂ ਦੋਵਾਂ ਚਾਰਿਆਂ ਦੀ ਇਕੱਠੇ ਬਿਜਾਈ ਅਪਰੈਲ ਮਹੀਨੇ ਤੋਂ ਲੈ ਕੇ ਜੁਲਾਈ ਮਹੀਨੇ ਤੱਕ ਕੀਤੀ ਜਾ ਸਕਦੀ ਹੈ । ਅਪਰੈਲ ਵਿੱਚ ਬੀਜਿਆ ਹੋਇਆ ਚਾਰਾ, ਜੂਨ-ਜੁਲਾਈ ਦੇ ਮਹੀਨੇ ਵਿੱਚ ਉਪਲੱਬਧ ਹੋਵੇਗਾ ਜਦੋਂ ਕਿ ਇਸ ਵੇਲੇ ਚੰਗੀ ਕੁਆਲਿਟੀ ਦੇ ਹਰੇ ਚਾਰੇ ਦੀ ਘਾਟ ਹੁੰਦੀ ਹੈ । ਵਧੀਆ ਚਾਰੇ ਮਿਲਣ ਕਰਕੇ ਪਸ਼ੂਆਂ ਦੀ ਦੁੱਧ ਦੇਣ ਦੀ ਸਮਰੱਥਾ ਬਣੀ ਰਹਿੰਦੀ ਹੈ ਅਤੇ ਪਸ਼ੂ ਦਾ ਭਾਰ ਵੀ ਨਹੀਂ ਘਟਦਾ । ਇਨ੍ਹਾਂ ਚਾਰਿਆਂ ਨੂੰ ਰਲਾ ਕੇ ਬੀਜਣ ਲਈ ਮੱਕੀ ਦੀ ਜੇ-1006 ਜਾਂ ਅਫਰੀਕਨ ਟਾਲ ਦਾ 15 ਕਿਲੋ ਬੀਜ ਅਤੇ ਰਵਾਂਹ- 88 ਦਾ 12 ਕਿਲੋ ਜਾਂ ਸੀ ਐਲ-367 ਦਾ 6 ਕਿਲੋ ਬੀਜ ਪ੍ਰਤੀ ਏਕੜ ਦੇ ਅਨੁਸਾਰ ਵਰਤਿਆ ਜਾ ਸਕਦਾ ਹੈ । ਇਸ ਮਿਸ਼ਰਤ ਚਾਰੇ ਨੂੰ ਛਿੱਟੇ ਨਾਲ ਜਾਂ 1.1 (ਭਾਵ ਇੱਕ ਕਤਾਰ ਮੱਕੀ ਦੀ ਫਿਰ ਇੱਕ ਰਵਾਂਹ ਦੀ) ਵਿੱਚ, ਕਤਾਰਾਂ ਦੀ ਇੱਕ ਫੁੱਟ ਦੀ ਦੂਰੀ 'ਤੇ ਪੋਰੇ/ਡਰਿੱਲ ਜਾਂ ਸਿਆੜ ਵਿੱਚ ਕੇਰ ਕੇ ਬੀਜਿਆ ਜਾ ਸਕਦਾ ਹੈ । 10 ਟਨ ਰੂੜੀ ਦੀ ਖਾਦ ਪ੍ਰਤੀ ਏਕੜ ਦੇ ਹਿਸਾਬ ਦੇ ਨਾਲ ਖੇਤ ਤਿਆਰ ਕਰਨ ਤੋਂ ਪਹਿਲਾਂ ਪਾਉਣਾ ਲਾਹੇਵੰਦ ਹੁੰਦੀ ਹੈ । 12 ਕਿਲੋ ਫਾਸਫੋਰਸ ਭਾਵ 27 ਕਿਲੋ ਡੀ ਏ ਪੀ ਅਤੇ 30 ਕਿਲੋ ਯੂਰੀਆ ਬੀਜਣ ਮੌਕੇ ਖੇਤ ਵਿੱਚ ਪਾਓ । ਤਿੰਨ-ਚਾਰ ਹਫਤਿਆਂ ਬਾਅਦ 30 ਕਿਲੋ ਯੂਰੀਆ ਦਾ ਛੱਟਾ ਰਾਹੀਂ ਜਾਂ ਫਿਰ ਲਾਈਨਾਂ ਵਿੱਚ ਕੇਰੋ । ਨਦੀਨਾਂ ਦੀ ਰੋਕਥਾਮ ਲਈ ਸਟੌਂਪ 30 ਈ ਸੀ (ਪੈਂਡੀਮੈਥੀਲੀਨ) ਇੱਕ ਲਿਟਰ ਪ੍ਰਤੀ ਏਕੜ ਦੇ ਹਿਸਾਬ 200 ਲਿਟਰ ਪਾਣੀ ਵਿੱਚ ਘੋਲ ਕੇ ਬਿਜਾਈ ਤੋਂ 24 ਘੰਟੇ ਦੇ ਅੰਦਰ ਛਿੜਕੋ । ਇਸ ਚਾਰੇ ਦੀ ਕਟਾਈ 55-60 ਦਿਨ ਬਾਅਦ ਲਈ ਜਾ ਸਕਦੀ ਹੈ । ਇੱਕ ਏਕੜ ਵਿੱਚੋਂ ਤਕਰੀਬਨ 175 ਕੁਇੰਟਲ ਹਰੇ ਚਾਰੇ ਦਾ ਝਾੜ ਲਿਆ ਜਾ ਸਕਦਾ ਹੈ ।

**ਬਾਜਰਾ + ਰਵਾਂਹ**

ਇਸ ਮਿਸ਼ਰਤ ਚਾਰੇ ਦੀ ਬਿਜਾਈ ਰੇਤਲੀਆਂ ਜ਼ਮੀਨਾਂ ਵਿੱਚ ਵੀ ਕੀਤੀ ਜਾ ਸਕਦੀ ਹੈ । ਇਨ੍ਹਾਂ ਦੋਵੇਂ ਚਾਰਿਆਂ ਨੂੰ ਰਲਾ ਕੇ ਅਪਰੈਲ ਤੋਂ ਲੈ ਕੇ ਅੱਧ ਜੁਲਾਈ ਤੱਕ ਬੀਜਿਆ ਜਾ ਸਕਦਾ ਹੈ । ਇਸ ਚਾਰੇ ਦੀ ਕਟਾਈ 45-55 ਦਿਨਾਂ ਬਾਅਦ ਕੀਤੀ ਜਾ ਸਕਦੀ ਹੈ ਅਤੇ ਗਰਮੀਆਂ ਵਿੱਚ ਵਧੀਆ ਚਾਰਾ ਪਸ਼ੂਆਂ ਲਈ ਉਪਲਬਧ ਕਰਵਾਇਆ ਜਾ ਸਕਦਾ ਹੈ । ਬਾਜਰੇ ਦੀ ਪੀ ਸੀ ਬੀ-164 ਅਤੇ ਐੱਫ ਬੀ ਸੀ-16 ਕਿਸਮਾਂ ਦੀ ਵਰਤੋਂ ਕੀਤੀ ਜਾ ਸਕਦੀ ਹੈ, ਜਦੋਂ ਕਿ ਰਵਾਂਹ ਲਈ ਰਵਾਂਹ-88 ਜਾਂ ਸੀ ਐੱਲ-367 ਕਿਸਮਾਂ ਵਰਤੀਆਂ ਜਾ ਸਕਦੀਆਂ ਹਨ । ਬਾਜਰੇ ਦਾ 4-5 ਕਿਲੋ ਬੀਜ ਪ੍ਰਤੀ ਏਕੜ ਅਤੇ ਰਵਾਂਹ-88 ਦਾ 12 ਕਿਲੋ ਜਾਂ ਸੀ ਐੱਲ-367 ਦਾ 6 ਕਿਲੋ ਬੀਜ ਪ੍ਰਤੀ ਏਕੜ ਦੇ ਹਿਸਾਬ ਨਾਲ ਵਰਤਿਆ ਜਾ ਸਕਦਾ ਹੈ । ਬਿਜਾਈ ਛੱਟੇ ਨਾਲ ਕੀਤੀ ਜਾ ਸਕਦੀ ਹੈ । ਖੇਤ ਦੀ ਤਿਆਰੀ ਤੋਂ ਪਹਿਲਾਂ 10 ਟਨ ਰੂੜੀ ਦੀ ਖਾਦ ਪ੍ਰਤੀ ਏਕੜ ਦੇ ਹਿਸਾਬ ਨਾਲ ਪਾਓ । ਰੂੜੀ ਖਾਦ, ਲੋੜੀਂਦੀ ਫਾਸਫੋਰਸ ਅਤੇ ਜ਼ਿੰਕ ਦੀ ਮਿਕਦਾਰ ਦੀ ਪੂਰਤੀ ਕਰਦੀ ਹੈ । ਬਿਜਾਈ ਵੇਲੇ 20 ਕਿਲੋ ਯੂਰੀਆ ਪ੍ਰਤੀ ਏਕੜ ਦੇ ਹਿਸਾਬ ਦੇ ਨਾਲ ਪਾਓ ਅਤੇ ਬਿਜਾਈ ਤੋਂ 3 ਹਫਤੇ ਪਿੱਛੋਂ 15-20 ਕਿਲੋ ਯੂਰੀਆ ਛੱਟੇ ਨਾਲ ਫੇਰ ਪਾਓ । ਇਸ ਤਰ੍ਹਾਂ ਫਸਲ ਦਾ ਵਾਧਾ ਜਲਦੀ ਹੁੰਦਾ ਹੈ । ਨਦੀਨਾਂ ਦੀ ਰੋਕਥਾਮ ਲਈ ਸਟੌਂਪ 30 ਈ ਸੀ (ਪੈਂਡੀਮੈਥੀਲੀਨ) 750 ਮਿਲੀਲਿਟਰ ਪ੍ਰਤੀ ਏਕੜ ਦੇ ਹਿਸਾਬ 200 ਲਿਟਰ ਪਾਣੀ ਵਿੱਚ ਘੋਲ ਕੇ ਬਿਜਾਈ ਤੋਂ 24 ਘੰਟੇ ਦੇ ਅੰਦਰ ਛਿੜਕੋ । ਇੱਕ ਏਕੜ ਵਿੱਚੋਂ 150-175 ਕੁਇੰਟਲ ਹਰਾ ਚਾਰਾ ਮਿਲ ਸਕਦਾ ਹੈ ।






ਬਰਸਾਤ ਰੁੱਤ ਵਿੱਚ

# ਕੱਦੂ ਜਾਤੀ ਦੀਆਂ ਸਬਜ਼ੀਆਂ ਦੀ ਕਾਸ਼ਤ ਕਿਵੇਂ ਕਰੀਏ ?

**ਕੱਦੂ ਜਾਤੀ ਦੀਆਂ ਸਬਜ਼ੀਆਂ ਇਕ ਮਹੱਤਵਪੂਰਣ ਅਤੇ ਬਹੁਤ ਤਰ੍ਹਾਂ ਦੀਆਂ ਬਰਸਾਤ ਅਤੇ ਗਰਮੀ ਰੁੱਤ ਦੀਆਂ ਸਬਜ਼ੀਆਂ ਦਾ ਗਰੁੱਪ ਹੈ ਜਿਸ ਦੀ ਭਾਰਤ ਵਿੱਚ ਬਹੁਤ ਰਕਬੇ ਤੇ ਕਾਸ਼ਤ ਕੀਤੀ ਜਾਂਦੀ ਹੈ। ਇਹਨਾਂ ਦੇ ਫ਼ਲਾਂ ਦਾ ਸਲਾਦ ਦੇ ਤੌਰ ਤੇ, ਪਕਾ ਕੇ ਅਤੇ ਜੈਮ ਬਣਾ ਕੇ ਸੇਵਨ ਕੀਤਾ ਜਾਂਦਾ ਹੈ। ਇਹ ਸਬਜ਼ੀਆਂ ਦੀ ਕਾਸ਼ਤ ਇਕ ਫ਼ਸਲੀ ਚੱਕਰ ਦੇ ਵਿਕਲਪ ਵਜੋਂ ਅਪਨਾਈ ਜਾ ਸਕਦੀ ਹੈ।**

**ਕੱਦੂ ਜਾਤੀ ਦੀਆਂ ਸਬਜ਼ੀਆਂ ਦੀ ਕਾਸ਼ਤ :** ਕੱਦੂ ਜਾਤੀ ਦੀਆਂ ਸਬਜ਼ੀਆਂ ਗਰਮ ਮੌਸਮ ਦੀ ਫ਼ਸਲ ਹੈ ਅਤੇ 18-35 ਡਿਗਰੀ ਸੈਂਟੀਗ੍ਰੇਡ ਤਾਪਮਾਨ ਵਿਚਕਾਰ ਚੰਗਾ ਵਾਧਾ ਹੁੰਦਾ ਹੈ। ਹਲਵਾ ਕੱਦੂ ਖੁਸ਼ਕ ਮੌਸਮ ਤੇ ਚੰਗੀ ਧੁੱਪ 'ਚ ਵਧਣ ਫੁੱਲਣ ਲਈ ਬਹੁਤ ਅਨੁਕੂਲ ਹੈ। ਕਾਲੀ ਤੋਰੀ ਅਤੇ ਟੀਂਡੇ ਦੇ ਵਧਣ ਫੁੱਲਣ ਲਈ ਗਰਮ ਅਤੇ ਤਰ ਮੌਸਮ ਬਹੁਤ ਹੀ ਅਨੁਕੂਲ ਹੁੰਦਾ ਹੈ। ਚੰਗਾ ਝਾੜ ਲੈਣ ਲਈ ਚੰਗੇ ਨਿਕਾਸ ਵਾਲੀ ਮੱਲੜ੍ਹ ਭਰਪੂਰ ਮੇਰਾ ਜ਼ਮੀਨ ਚਾਹੀਦੀ ਹੈ। 6.0-7.0 ਪੀ ਐਚ ਵਾਲੀ ਜ਼ਮੀਨ ਕੱਦੂ ਜਾਤੀ ਦੀਆਂ ਸਬਜ਼ੀਆਂ ਦੀ ਕਾਸ਼ਤ ਲਈ ਢੁਕਵੀ ਹੈ।



**ਕਾਸ਼ਤ ਦੇ ਢੰਗ :** ਕੱਦੂ ਜਾਤੀ ਦੀਆਂ ਸਬਜ਼ੀਆਂ ਦੀ ਬਿਜਾਈ ਤੋਂ ਪਹਿਲਾਂ ਜ਼ਮੀਨ ਨੂੰ ਚੰਗੀ ਤਰ੍ਹਾਂ ਵਾਹ ਸਵਾਰ ਲੈਣਾ ਚਾਹੀਦਾ ਹੈ। ਇਸ ਲਈ ਖੇਤ ਨੂੰ ਦੋ ਤਿੰਨ ਵਾਰ ਵਾਹੁਣਾ ਅਤੇ ਹਰ ਵਾਹੀ ਤੋਂ ਬਾਅਦ ਸੁਹਾਗਾ ਦੇਣਾ ਜ਼ਰੂਰੀ ਹੈ। ਖੇਤ ਵਿੱਚ ਪਿਛਲੀ ਫ਼ਸਲ ਦੇ ਮੁੱਢ ਤੇ ਘਾਹ ਫੂਸ ਬਿਲਕੁਲ ਨਹੀਂ ਰਹਿਣ ਦੇਣੇ ਚਾਹੀਦੇ। ਕੱਦੂ ਜਾਤੀ ਦੀਆਂ ਸਬਜ਼ੀਆਂ ਦੀ ਕਾਸ਼ਤ ਲਈ ਜ਼ਰੂਰੀ ਨੁਕਤਿਆਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ।

ਕੱਦੂ ਜਾਤੀ ਦੀਆਂ ਸਬਜ਼ੀਆਂ ਲਈ ਰੂੜੀ ਦੀ ਖਾਦ ਸਭ ਤੋਂ ਵਧੀਆ ਹੈ। ਇਸ ਲਈ ਬਿਜਾਈ ਤੋਂ ਪਹਿਲਾਂ 10-15 ਟਨ ਗਲੀ ਸੜੀ ਰੂੜੀ ਪ੍ਰਤੀ ਏਕੜ ਖਿਲਾਰ ਦੇਣੀ ਚਾਹੀਦੀ ਹੈ। ਕੱਦੂ ਜਾਤੀ ਦੀਆਂ ਸਬਜ਼ੀਆਂ ਨੂੰ 40 ਕਿੱਲੋ ਨਾਈਟਰੋਜਨ (90 ਕਿਲੋ ਯੂਰੀਆ), 20 ਕਿੱਲੋ ਫਾਸਫੋਰਸ (125 ਕਿੱਲੋ ਸਿੰਗਲ ਸੁਪਰਫਾਸਫੇਟ) ਤੇ 20 ਕਿਲੋ ਪੋਟਾਸ਼ (35 ਕਿਲੋ ਮਿਊਰੇਟ ਆਫ ਪੋਟਾਸ਼ ) ਦਿਉ। ਇਨ੍ਹਾਂ ਖਾਦਾਂ ਵਿਚੋਂ 1/2 ਹਿੱਸਾ ਨਾਈਟਰੋਜਨ, ਸਾਰੀ ਫਾਸਫੋਰਸ ਅਤੇ ਪੋਟਾਸ਼ ਖਾਦ ਬਿਜਾਈ ਸਮੇਂ ਪਾ ਦਿਉ। ਬਾਕੀ ਦੀ ਨਾਈਟਰੋਜਨ ਬਿਜਾਈ ਤੋਂ ਇੱਕ ਜਾਂ ਦੋ ਮਹੀਨੇ ਬਾਅਦ ਫ਼ਸਲ ਦੇ ਅਨੁਸਾਰ ਪਾ ਦਿਉ। ਲੋੜ ਪੈਣ ਤੇ ਗੋਡੀ ਕਰਕੇ ਨਦੀਨਾਂ ਦੀ ਰੋਕਥਾਮ ਕੀਤੀ ਜਾ ਸਕਦੀ ਹੈ। ਚੰਗੀ ਬਿਜਾਈ ਨੂੰ ਯਕੀਨੀ ਬਣਾਉਨ ਲਈ ਪਹਿਲਾ ਪਾਣੀ ਬਿਜਾਈ ਤੋਂ ਤੁਰੰਤ ਬਾਅਦ ਲਾਓ। ਫ਼ਸਲ ਨੂੰ ਥੋੜ੍ਹੇ ਥੋੜ੍ਹੇ ਵਕਫੇ ਤੇ ਪਾਣੀ ਦੀ ਲੋੜ ਪੈਂਦੀ ਹੈ। ਮਿੱਟੀ ਅਤੇ ਬਾਰਿਸ਼ ਦੀਆਂ ਹਾਲਾਤਾਂ ਦੇ ਆਧਾਰ ਤੇ 7 ਤੋਂ 10 ਦਿਨਾਂ ਦੇ ਵਕਫੇ ਤੇ ਸਿੰਚਾਈ ਕਰੋ। ਕੁੱਲ 8 ਤੋਂ 10 ਪਾਣੀਆਂ ਦੀ ਲੋੜ ਪੇਂਦੀ ਹੈ।

**ਤੁੜਾਈ ਅਤੇ ਸਾਂਭ ਸੰਭਾਲ :**

ਹਲਵਾ ਕੱਦੂ ਦਾ ਫ਼ਲ ਜਦੋਂ ਬਾਹਰੋਂ ਪੀਲਾ-ਭੂਰਾ ਅਤੇ ਗੁੱਦਾ ਸੁਨਹਿਰੀ ਪੀਲਾ ਹੋਵੇ, ਤੋੜਨ ਲਈ ਤਿਆਰ ਹੁੰਦਾ ਹੈ। ਘੀਆ ਕੱਦੂ, ਕਰੇਲਾ, ਕਾਲੀ ਤੋਰੀ ਅਤੇ ਟੀਂਡਾ ਦੇ ਫ਼ਲ ਕੇਵਲ ਚਮਕਦਾਰ, ਨਰਮ ਅਤੇ ਦਰਮਿਆਨੇ ਆਕਾਰ ਦੇ ਹੀ ਤੋੜੋ। ਟੀਂਡੇ ਦੀਆਂ ਛੋਟੀਆਂ ਵੇਲਾਂ ਨੂੰ ਬਹੁਤ ਜਲਦੀ ਛੋਟੇ ਛੋਟੇ ਫ਼ਲ ਲੱਗ ਜਾਂਦੇ ਹਨ। ਇਹ ਫ਼ਲ ਮੰਡੀਕਰਨ ਯੋਗ ਨਹੀਂ ਹੁੰਦੇ। ਇਸ ਕਰਕੇ ਇਹਨਾਂ ਨੂੰ ਜਲਦੀ ਤੋੜ ਦੇਣਾ ਚਾਹੀਦਾ ਹੈ ਤਾਂ ਕਿ ਵੇਲਾਂ ਦਾ ਵਾਧਾ ਹੁੰਦਾ ਰਹੇ। ਇਸ ਤੋਂ ਬਾਅਦ ਵਾਲੇ ਫੁੱਲਾਂ ਦੇ ਮੰਡੀਕਰਨ ਯੋਗ ਫ਼ਲ ਬਣਦੇ ਹਨ। ਇਹ ਫ਼ਲ ਜਦੋਂ ਨਰਮ ਅਤੇ ਵਾਲਾਂ ਵਾਲੇ ਹੋਣ ਤਾਂ ਤੋੜ ਲੈਣੇ ਚਾਹੀਦੇ ਹਨ। ਹਰ ਮੌਸਮ ਵਿਚ ਤੁੜਾਈ ਹਰ 3-4 ਦਿਨ ਬਾਅਦ ਕਰਨੀ ਚਾਹੀਦੀ ਹੈ। ਪਿਛਲੇ ਕੁੱਝ ਸਾਲਾਂ ਦੌਰਾਨ ਕਿਸਾਨਾਂ ਨੂੰ ਇਸ ਫ਼ਸਲ ਤੋਂ 30000 ਤੋਂ 60000 ਰੁਪਏ ਪ੍ਰਤੀ ਏਕੜ ਦੀ ਆਮਦਨ ਹੋਈ। ਪਰ ਇਸ ਦੀਆਂ ਕੀਮਤਾਂ ਵਿਚ ਬਹੁਤ ਉਤਾਰ ਚੜ੍ਹਾਅ ਆਉਂਦੇ ਹਨ। ਇਸ ਕਰਕੇ ਕਿਸਾਨਾਂ ਦੀ ਆਮਦਨ ਵਧਾਉਣ ਲਈ ਇਹਨਾਂ ਸਬਜ਼ੀਆਂ ਦੇ ਖੇਤਰ ਵਿਚ ਹੀ ਪੇਠੇ ਆਦਿ ਲਈ ਛੋਟੇ ਉਦਯੋਗ ਲਗਾਏ ਜਾਣ ਜੋ ਇਹਨਾਂ ਸਬਜ਼ੀਆਂ ਦੇ ਉਤਪਾਦ ਬਨਾਉਣ ਲਈ ਯੋਗਦਾਨ ਪਾਉਣ।

ਕੁਲਬੀਰ ਸਿੰਘ, ਪ੍ਰਕਾਸ਼ ਮਹਲਾ ਅਤੇ ਪੀ ਕੇ ਅਰੌੜਾ

# ਮੂਲੀ ਦੀ ਸਾਰਾ ਸਾਲ ਕਾਸ਼ਤ ਲਈ ਵਿਉਂਤਬੰਦੀ

ਨਵਦੀਪ ਸਿੰਘ ਗਿੱਲ ਅਤੇ ਵਿਵੇਕ ਕੁਮਾਰ,
ਫਾਰਮ ਸਲਾਹਕਾਰ ਸੇਵਾ ਕੇਂਦਰ, ਬਰਨਾਲਾ

**ਪੰਜਾਬ ਵਿਚ ਤਕਰੀਬਨ 2.7 ਲੱਖ ਹੈਕਟੇਅਰ ਰਕਬੇ 'ਤੇ ਔਸਤਨ 20 ਟਨ ਪ੍ਰਤੀ ਹੈਕਟੇਅਰ ਝਾੜ ਦੇ ਹਿਸਾਬ ਨਾਲ 54.4 ਲੱਖ ਟਨ ਦੀ ਕੁੱਲ ਪੈਦਾਵਾਰ ਹੁੰਦੀ ਹੈ। ਇਹਨਾਂ ਸਬਜ਼ੀਆਂ ਵਿੱਚੋਂ ਜੜ੍ਹਾਂ ਵਾਲੀਆਂ ਸਬਜ਼ੀਆਂ ਦੀ ਕਾਸ਼ਤ ਤਕਰੀਬਨ 27.7 ਹਜ਼ਾਰ ਹੈਕਟੇਅਰ ਰਕਬੇ ਤੇ ਕੀਤੀ ਜਾਂਦੀ ਹੈ। ਜੜ੍ਹਾਂ ਵਾਲੀਆਂ ਸਬਜ਼ੀਆਂ ਵਿਚ ਮੁੱਖ ਤੌਰ ਤੇ ਮੂਲੀ, ਗਾਜਰ ਅਤੇ ਸ਼ਲਗਮ ਆਉਂਦੇ ਹਨ। ਮੂਲੀ ਸਾਡੇ ਰੋਜ਼ਾਨਾ ਖੁਰਾਕ ਦਾ ਮਹੱਤਵਪੂਰਨ ਅੰਗ ਹੈ। ਇਹ ਇੱਕ ਰੇਸ਼ੇਦਾਰ ਭੋਜਨ ਹੈ ਅਤੇ ਇਸ ਦੀ ਵਰਤੋਂ ਸਲਾਦ ਦੇ ਤੌਰ ਤੇ ਕੀਤੀ ਜਾਂਦੀ ਹੈ।**

ਸਬਜ਼ੀਆਂ ਸਾਡੇ ਭੋਜਨ ਵਿਚ ਸਰੀਰ ਲਈ ਲੋੜੀਂਦੇ ਪੌਸ਼ਟਿਕ ਤੱਤਾਂ ਦਾ ਬਹੁਤ ਵਧੀਆ ਸਰੋਤ ਹਨ। ਪੰਜਾਬ ਵਿਚ ਤਕਰੀਬਨ 2.7 ਲੱਖ ਹੈਕਟੇਅਰ ਰਕਬੇ ਤੇ ਔਸਤਨ 20 ਟਨ ਪ੍ਰਤੀ ਹੈਕਟੇਅਰ ਝਾੜ ਦੇ ਹਿਸਾਬ ਨਾਲ 54.4 ਲੱਖ ਟਨ ਦੀ ਕੁੱਲ ਪੈਦਾਵਾਰ ਹੁੰਦੀ ਹੈ। ਇਹਨਾਂ ਸਬਜ਼ੀਆਂ ਵਿੱਚੋਂ ਜੜ੍ਹਾਂ ਵਾਲੀਆਂ ਸਬਜ਼ੀਆਂ



ਦੀ ਕਾਸ਼ਤ ਤਕਰੀਬਨ 27.7 ਹਜ਼ਾਰ ਹੈਕਟੇਅਰ ਰਕਬੇ ਤੇ ਕੀਤੀ ਜਾਂਦੀ ਹੈ। ਜੜ੍ਹਾਂ ਵਾਲੀਆਂ ਸਬਜ਼ੀਆਂ ਵਿਚ ਮੁੱਖ ਤੌਰ ਤੇ ਮੂਲੀ, ਗਾਜਰ ਅਤੇ ਸ਼ਲਗਮ ਆਉਂਦੇ ਹਨ। ਮੂਲੀ ਸਾਡੇ ਰੋਜ਼ਾਨਾ ਖੁਰਾਕ ਦਾ ਮਹੱਤਵਪੂਰਨ ਅੰਗ ਹੈ। ਇਹ ਇੱਕ ਰੇਸ਼ੇਦਾਰ ਭੋਜਨ ਹੈ ਅਤੇ ਇਸ ਦੀ ਵਰਤੋਂ ਸਲਾਦ ਦੇ ਤੌਰ ਤੇ ਕੀਤੀ ਜਾਂਦੀ ਹੈ।

ਇਹ ਇਕ ਥੋੜੇ ਦਿਨਾਂ ਦੀ ਫਸਲ ਹੈ ਜੋ ਕਿ ਮੌਸਮ ਅਤੇ ਕਿਸਮ ਅਨੁਸਾਰ 45-50 ਦਿਨਾਂ ਵਿਚ ਹੋ ਜਾਂਦੀ ਹੈ। ਇਸਦੀ ਲਗਾਤਾਰ ਪੈਦਾਵਾਰ ਲਈ ਬਿਜਾਈ ਥੋੜੇ ਥੋੜੇ ਸਮੇਂ ਦੇ ਵਕਫੇ ਤੇ ਕਰਦੇ ਰਹਿਣਾ ਚਾਹੀਦਾ ਹੈ। ਇਸ ਤੋਂ ਇਲਾਵਾ, ਮੂਲੀ ਦੀ ਸਾਰਾ ਸਾਲ ਕਾਸ਼ਤ ਲਈ ਹੇਠ ਲਿਖੇ ਨੁਕਤਿਆਂ ਦਾ ਧਿਆਨ ਰੱਖਣਾ ਚਾਹੀਦਾ ਹੈ।

**ਜ਼ਮੀਨ ਦੀ ਚੋਣ** : ਰੇਤਲੀ ਮੈਰਾ ਭੁਰਭੁਰੀ ਜ਼ਮੀਨ ਮੂਲੀ ਦੀ ਕਾਸ਼ਤ ਲਈ ਚੰਗੀ ਮੰਨੀ ਜਾਂਦੀ ਹੈ ਕਿਉਂਕਿ ਇਹ ਜ਼ਮੀਨ ਜੜ੍ਹਾਂ ਦੇ ਪ੍ਰਫੁੱਲਤ ਹੋਣ ਲਈ ਬਹੁਤ ਵਧੀਆ ਹੁੰਦੀ ਹੈ। ਇਸੇ ਤਰ੍ਹਾਂ ਹਲਕੇ ਤੇਜ਼ਾਬੀ ਮਾਦੇ ਵਾਲੀਆਂ ਜ਼ਮੀਨਾਂ, ਜਿਨ੍ਹਾਂ ਦੀ ਪੀ ਐਚ 5.5 ਤੋਂ 6.8 ਹੋਵੇ, ਵਿਚ ਵੀ ਮੂਲੀ ਦੀ ਕਾਸ਼ਤ ਵਧੀਆ ਢੰਗ ਨਾਲ ਕੀਤੀ ਜਾ ਸਕਦੀ ਹੈ। ਚੀਕਣੀ ਜ਼ਮੀਨ ਇਸਦੀ ਕਾਸ਼ਤ ਲਈ ਢੁਕਵੀਂ ਨਹੀਂ ਕਿਉਂਕਿ ਇਸ ਵਿਚ ਜੜ੍ਹਾ ਬੇਢਵੀਆਂ ਅਤੇ ਦੁਸਾਂਗੜਾਂ ਵਾਲੀਆਂ ਬਣਦੀਆਂ ਹਨ।

**ਉੱਨਤ ਕਿਸਮਾਂ**

**ਪੰਜਾਬ ਸਫੈਦ ਮੂਲੀ-2** : ਮੁੱਖ ਮੌਸਮ ਦੀ ਇਹ ਕਿਸਮ ਬਿਜਾਈ ਤੋਂ ਤਕਰੀਬਨ 43 ਦਿਨ ਬਾਅਦ ਮੰਡੀਕਰਨ ਵਾਸਤੇ ਤਿਆਰ ਹੋ ਜਾਂਦੀ ਹੈ ਅਤੇ 60 ਦਿਨ ਤੱਕ ਖੇਤ ਵਿਚ ਖਾਣ ਯੋਗ ਰਹਿ ਸਕਦੀ ਹੈ। ਇਸਦੀ ਮੂਲੀ ਲੰਬੀ, ਦੁੱਧ ਚਿੱਟੀ, ਸਿਰੇ ਤੋਂ ਖੁੰਢੀ ਅਤੇ ਵਾਲ ਰਹਿਤ ਹੁੰਦੀ ਹੈ। ਇਸ ਕਿਸਮ ਦਾ ਔਸਤਨ ਝਾੜ 236 ਕੁਇੰਟਲ ਪ੍ਰਤੀ ਏਕੜ ਹੈ।

**ਪੰਜਾਬ ਪਸੰਦ** : ਸਹੀ ਮੌਸਮ ਵਿਚ ਇਹ ਛੇਤੀ ਤਿਆਰ ਹੋਣ ਵਾਲੀ ਕਿਸਮ ਹੈ ਜੋ ਕਿ ਬਿਜਾਈ ਤੋਂ 45 ਦਿਨਾਂ ਵਿਚ ਤਿਆਰ ਹੋ ਜਾਂਦੀ ਹੈ। ਇਸ ਦੀ ਮੂਲੀ ਲੰਮੀ, ਦੁੱਧ ਚਿੱਟੀ, ਇੱਕ ਸਾਰ ਮੋਟਾਈ ਵਾਲੀ ਅਤੇ ਵਾਲ ਰਹਿਤ ਹੁੰਦੀ ਹੈ। ਮੁੱਖ ਮੌਸਮ ਵਿਚ ਔਸਤ ਪੈਦਾਵਾਰ 215 ਕੁਇੰਟਲ ਪ੍ਰਤੀ ਏਕੜ ਹੈ ਅਤੇ ਬੇਮੌਸਮੀ ਫਸਲ 140 ਕੁਇੰਟਲ ਪ੍ਰਤੀ ਏਕੜ ਝਾੜ ਦੇ ਦਿੰਦੀ ਹੈ।

**ਪੂਸਾ ਹਿਮਾਨੀ** : ਇਹ ਠੰਢੇ ਮੌਸਮ ਦੀ ਕਿਸਮ ਹੈ ਜੋ ਕਿ ਜਨਵਰੀ ਦੇ ਦੂਜੇ ਪੰਦਰ੍ਹਵਾੜੇ ਵਿਚ ਬਿਜਾਈ ਲਈ ਢੁੱਕਵੀਂ ਹੈ। ਇਹ ਕਿਸਮ ਬਿਜਾਈ ਤੋਂ 60-65 ਦਿਨ ਬਾਅਦ ਪੁੱਟਣ ਯੋਗ ਹੋ ਜਾਂਦੀ ਹੈ। ਇਸਦੀਆਂ ਮੂਲੀਆਂ ਚਿੱਟੀਆਂ, ਘੱਟ ਕੌੜੀਆਂ ਅਤੇ ਲੰਮੀਆਂ ਹੁੰਦੀਆਂ ਹਨ। ਇਹ ਕਿਸਮ ਔਸਤਨ 160 ਕੁਇੰਟਲ ਪ੍ਰਤੀ ਏਕੜ ਦਾ ਝਾੜ ਦਿੰਦੀ ਹੈ।

**ਪੂਸਾ ਚੇਤਕੀ** : ਇਹ ਇਕ ਛੇਤੀ ਪੱਕਣ ਵਾਲੀ ਕਿਸਮ ਹੈ ਜੋ ਕਿ ਅਪ੍ਰੈਲ ਤੋਂ ਅਗਸਤ ਤੱਕ ਬੀਜਣ ਲਈ ਢੁੱਕਵੀਂ ਹੈ। ਇਸ ਕਿਸਮ ਦੀ ਮੂਲੀ ਦੁੱਧ ਵਰਗੀ ਚਿੱਟੀ, ਸਾਫ ਦਰਮਿਆਨੀ ਲੰਮੀ, ਮੋਟੀ, ਸਿਰੇ ਤੋਂ ਖੁੰਢੀ ਅਤੇ ਕੁਝ ਕੌੜੀ ਹੁੰਦੀ ਹੈ। ਇਸ ਕਿਸਮ ਦਾ ਔਸਤਨ ਝਾੜ 105 ਕੁਇੰਟਲ ਪ੍ਰਤੀ ਏਕੜ ਨਿਕਲ ਆਉਂਦਾ ਹੈ।

**ਜਾਪਾਨੀ ਵਾਈਟ** : ਇਹ ਕਿਸਮ ਮੁੱਖ ਸਮੇਂ ਵਿਚ ਪਛੇਤੀ ਬਿਜਾਈ ਲਈ ਢੁੱਕਵੀਂ ਹੈ। ਇਸ ਕਿਸਮ ਦੀਆਂ ਮੂਲੀਆਂ ਚਿੱਟੀਆਂ, ਗੁਲਾਈਦਾਰ ਅਤੇ ਅਖੀਰਲੇ ਸਿਰੇ ਤੇ ਖੁੰਢੀਆਂ ਹੁੰਦੀਆਂ ਹਨ। ਇਹ ਕਿਸਮ ਤਕਰੀਬਨ 160 ਕੁਇੰਟਲ ਪ੍ਰਤੀ ਏਕੜ ਝਾੜ ਦਿੰਦੀ ਹੈ।

**ਬਿਜਾਈ ਦਾ ਸਮਾਂ** : ਮੂਲੀ ਦੀ ਸਾਰਾ ਸਾਲ ਕਾਸ਼ਤ ਲਈ ਵੱਖ ਵੱਖ ਕਿਸਮਾਂ ਦੇ ਅਨੁਸਾਰ ਬਿਜਾਈ ਦੇ ਸਮੇਂ ਦਾ ਧਿਆਨ ਰੱਖਣਾ ਬਹੁਤ ਜ਼ਰੂਰੀ ਹੈ। ਬੇਸ਼ੱਕ ਮੂਲੀ ਇਕ ਠੰਢੀ ਰੁੱਤ ਦੀ ਫਸਲ ਹੈ, ਪਰੰਤੂ ਇਸ ਦੀਆਂ ਅਜਿਹੀਆਂ ਕਿਸਮਾਂ ਵਿਕਸਤ ਕੀਤੀਆਂ ਜਾ ਚੁੱਕੀਆਂ ਹਨ ਜਿਨ੍ਹਾਂ ਨੂੰ ਗਰਮੀਆਂ ਅਤੇ ਪੱਤਝੜ ਵਿਚ ਵੀ ਉਗਾਇਆ ਜਾ ਸਕਦਾ ਹੈ। ਪੂਸਾ ਚੇਤਕੀ ਇਕਲੌਤੀ ਹੀ ਇਕ ਅਜਿਹੀ ਕਿਸਮ ਹੈ ਜਿਸ ਵਿਚ ਗਰਮੀ ਨੂੰ ਸਹਿਣ ਕਰਨ ਦੀ ਸਮਰੱਥਾ ਹੈ। ਜੇਕਰ ਦੇਸੀ ਕਿਸਮਾਂ ਨੂੰ ਪਛੇਤਾ ਜਾਂ ਪੱਤਝੜ ਦੀ ਰੁੱਤ ਵਿਚ ਲਾਇਆ ਜਾਵੇ ਤਾਂ ਮੂਲੀ ਬਣਨ ਤੋਂ ਪਹਿਲਾਂ ਹੀ ਨਿੱਸਰ ਆਉਂਦੀਆਂ ਹਨ। ਮੂਲੀ ਦੀਆਂ ਵੱਖ-ਵੱਖ ਕਿਸਮਾਂ ਦੀ ਬਿਜਾਈ ਦਾ ਸਮਾਂ ਅਤੇ ਮੂਲੀ ਤਿਆਰ ਹੋਣ ਦਾ ਸਮਾਂ ਸਾਰਣੀ ਵਿਚ ਦਿਤੇ ਅਨੁਸਾਰ ਹੈ :

ਮੂਲੀ ਦੀਆਂ ਵੱਖ-ਵੱਖ ਕਿਸਮਾਂ ਦੀ ਬਿਜਾਈ ਦਾ ਸਮਾਂ ਅਤੇ ਮੂਲੀ ਤਿਆਰ ਹੋਣ ਦਾ ਸਮਾਂ ਹੇਠ ਲਿਖੇ ਅਨੁਸਾਰ ਹੈ :

| ਕਿਸਮ | ਬਿਜਾਈ ਦਾ ਸਮਾਂ | ਮੂਲੀ ਤਿਆਰ ਹੋਣ ਦਾ ਸਮਾਂ |
|---|---|---|
| ਪੂਸਾ ਹਿਮਾਨੀ | ਜਨਵਰੀ-ਫਰਵਰੀ | ਫਰਵਰੀ-ਅਪ੍ਰੈਲ |
| ਪੰਜਾਬ ਪਸੰਦ | ਮਾਰਚ ਦਾ ਦੂਜਾ ਪੰਦਰ੍ਹਵਾੜਾ | ਅਖੀਰ ਅਪ੍ਰੈਲ-ਮਈ |
| ਪੂਸਾ ਚੇਤਕੀ | ਅਪ੍ਰੈਲ-ਅਗਸਤ | ਮਈ-ਸਤੰਬਰ |
| ਪੰਜਾਬ ਸਫੈਦ, ਮੂਲੀ-2, ਪੰਜਾਬ ਪਸੰਦ, ਜਪਾਨੀ ਵ੍ਹਾਈਟ | ਅੱਧ ਸਤੰਬਰ-ਅਕਤੂਬਰ | ਅਕਤੂਬਰ-ਦਸੰਬਰ |
| ਜਪਾਨੀ ਵ੍ਹਾਈਟ | ਨਵੰਬਰ-ਦਸੰਬਰ | ਦਸੰਬਰ-ਜਨਵਰੀ |

**ਬੀਜ ਦੀ ਮਾਤਰਾ ਅਤੇ ਬਿਜਾਈ** : ਮੂਲੀਆਂ ਨੂੰ 4-5 ਕਿਲੋ ਬੀਜ ਪ੍ਰਤੀ ਏਕੜ ਦੇ ਹਿਸਾਬ ਨਾਲ ਵਰਤਦੇ ਹੋਏ ਕਤਾਰਾਂ ਅਤੇ ਬੂਟਿਆਂ ਵਿਚ ਕ੍ਰਮਵਾਰ 45 ਸੈਂਟੀਮੀਟਰ ਅਤੇ 7.5 ਸੈਂਟੀਮੀਟਰ ਦੇ ਫਾਸਲੇ ਤੇ ਬੀਜਣਾ ਚਾਹੀਦਾ ਹੈ। ਬੂਟਿਆਂ ਵਿਚਕਾਰ ਫਾਸਲਾ ਠੀਕ ਰੱਖਣ ਲਈ ਅਤੇ ਚੰਗੀ ਗੁਣਵੱਤਾ ਵਾਲੀ ਮੂਲੀ ਤਿਆਰ ਕਰਨ ਲਈ ਬੂਟਿਆਂ ਨੂੰ ਵਿਰਲਾ ਕਰਨਾ ਜ਼ਰੂਰੀ ਹੈ।



**ਖਾਦ ਪ੍ਰਬੰਧਨ** : ਮੂਲੀ ਦਾ ਵਧੀਆ ਝਾੜ ਲੈਣ ਲਈ ਬਿਜਾਈ ਸਮੇਂ 15 ਟਨ ਗਲੀ ਸੜੀ ਰੂੜੀ, 55 ਕਿਲੋ ਯੂਰੀਆ ਅਤੇ 75 ਕਿਲੋ ਸੁਪਰ ਫਾਸਫੇਟ ਪ੍ਰਤੀ ਏਕੜ ਦੇ ਹਿਸਾਬ ਨਾਲ ਪਾਉਣਾ ਚਾਹੀਦਾ ਹੈ। ਇਸ ਗੱਲ ਦਾ ਖਾਸ ਧਿਆਨ ਰੱਖਣਾ ਬਹੁਤ ਜ਼ਰੂਰੀ ਹੈ ਇਸ ਨੂੰ ਕੱਚੀ (ਬਿਨਾਂ ਗਲੀ ਸੜੀ) ਰੂੜੀ ਦੀ ਖਾਦ ਬਿਲਕੁਲ ਨਾ ਪਵੇ।

**ਸਿੰਚਾਈ ਪ੍ਰਬੰਧਨ** : ਪਹਿਲਾ ਪਾਣੀ ਬਿਜਾਈ ਤੋਂ ਤੁਰੰਤ ਬਾਅਦ ਲਾਉਣਾ ਚਾਹੀਦਾ ਹੈ। ਬਾਅਦ ਵਿਚ ਜ਼ਮੀਨ ਦੀ ਕਿਸਮ ਮੁਤਾਬਕ ਗਰਮੀਆਂ ਵਿਚ 6-7 ਦਿਨ ਅਤੇ ਸਰਦੀਆਂ ਵਿਚ 10-12 ਦਿਨ ਦੇ ਵਕਫੇ ਤੇ ਪਾਣੀ ਦਿੰਦੇ ਰਹਿਣਾ ਚਾਹੀਦਾ ਹੈ। ਗਰਮੀ ਰੁੱਤ ਦੀ ਮੂਲੀ ਨੂੰ ਪੁੱਟਣ ਤੋਂ ਪਹਿਲਾਂ ਹਲਕਾ ਪਾਣੀ ਦੇਣਾ ਬਹੁਤ ਲਾਹੇਵੰਦ ਰਹਿੰਦਾ ਹੈ ਕਿਉਂਕਿ ਇਸ ਨਾਲ ਮੂਲੀ ਕੁਮਲਾਉਂਦੀ ਨਹੀਂ ਅਤੇ ਇਸਦੀ ਕੁੜੱਤਣ ਵੀ ਘਟ ਜਾਂਦੀ ਹੈ।

**ਗੋਡੀ ਕਰਨੀ ਅਤੇ ਮਿੱਟੀ ਚੜ੍ਹਾਉਣਾ** : ਨਦੀਨਾਂ ਦੀ ਰੋਕਥਾਮ ਲਈ ਬਿਜਾਈ ਤੋਂ ਹਫਤੇ ਬਾਅਦ ਇਕ ਗੋਡੀ ਕਰਨੀ ਚਾਹੀਦੀ ਹੈ। ਗੋਡੀ ਤੋਂ ਤੁਰੰਤ ਬਾਅਦ ਮਿੱਟੀ ਚੜ੍ਹਾਉਣੀ ਲਾਜ਼ਮੀ ਹੈ।

**ਪੁਟਾਈ, ਸਾਂਭ-ਸੰਭਾਲ ਅਤੇ ਮੰਡੀਕਰਨ** : ਮੂਲੀ ਦੀ ਪੁਟਾਈ ਕਿਸਮ ਅਤੇ ਮੌਸਮ ਅਨੁਸਾਰ 45-60 ਦਿਨਾਂ ਬਾਅਦ ਜੜ੍ਹ ਦਾ ਪੂਰਾ ਵਿਕਾਸ ਹੋਣ 'ਤੇ, ਪਰੰਤੂ ਪੱਕਣ ਤੋਂ ਪਹਿਲਾਂ ਕਰਨੀ ਚਾਹੀਦੀ ਹੈ। ਲੇਟ ਪੁਟਾਈ ਕਰਨ ਨਾਲ ਜੜ੍ਹ ਪੱਕ ਜਾਂਦੀ ਹੈ ਅਤੇ ਖਾਣ ਯੋਗ ਨਹੀਂ ਰਹਿੰਦੀ।

## ਲੱਕੜ ਉੱਤੇ ਨਕਾਸ਼ੀ



ਜਨਮੇਜਾ ਸਿੰਘ ਜੌਹਲ
ਮੋ. 98159-450 18

ਲੱਕੜ ਉੱਤੇ ਨਿਕਾਸੀ ਦੀ ਕਲਾ ਸਦੀਆਂ ਪੁਰਾਣੇ ਸਮੇਂ ਵਿੱਚ ਰਾਜੇ-ਮਹਾਰਾਜੇ ਆਪਣੇ ਰਾਜ ਸੱਤਾ ਦੀ ਗੱਦੀ ਉੱਤੇ ਲੱਕੜ ਦੀ ਨਕਾਸ਼ੀ ਕਰਵਾਉਂਦੇ ਸਨ। ਇਹ ਲੱਕੜ ਟਾਹਲੀ ਵੀ ਹੋ ਸਕਦੀ ਸੀ, ਚੀਲ ਵੀ ਹੋ ਸਕਦੀ ਹੈ, ਸਾਗਵਾਨ ਵੀ ਹੋ ਸਕਦੀ ਹੈ ਜਾਂ ਹੋਰ ਵੀ ਕਈ ਕਿਸਮ ਦੀ ਲੱਕੜ ਉੱਤੇ ਕਢਾਈ ਕੀਤੀ ਜਾਂਦੀ ਸੀ। ਇਸ ਗੱਲ 'ਤੇ ਨਿਰਭਰ ਕਰਦਾ ਸੀ ਕਿ ਉਭਰਵੀਂ ਨਕਾਸ਼ੀ ਕਰਨੀ ਹੈ ਜਾਂ ਡੂੰਘੀ ਕਰਨੀ ਹੈ। ਸੋ, ਇਸ ਤਰ੍ਹਾਂ ਇਹ ਕਲਾ ਸਿਰਫ ਇਸ ਲਈ ਨਹੀਂ ਸੀ ਹੁੰਦੀ ਕਿ ਇਹ ਸੋਹਣੀ ਲੱਗਦੀ ਹੈ, ਇਸ ਲਈ ਵੀ ਹੁੰਦੀ ਸੀ ਕਿ ਇਸ ਦੇ ਵਿੱਚੋਂ ਸਿੱਖਿਆ ਵੀ ਮਿਲਦੀ ਸੀ, ਜਿਵੇਂ ਬਹੁਤ ਸਾਰੀਆਂ ਥਾਵਾਂ ਉੱਤੇ ਇਸ ਲਈ ਕਰਾਈ ਜਾਂਦੀ ਸੀ ਕਿ ਉਸ ਦੇ ਵਿੱਚ ਕਥਾਵਾਂ ਦਾ ਚਿਤਰਣ ਕੀਤਾ ਜਾਂਦਾ ਸੀ ਜਾਂ ਇਸ ਦੇ ਨਾਲ ਬਹੁਤ ਸਾਰੀਆਂ ਸਿੱਖਿਆਦਾਇਕ ਗੱਲਾਂ ਵੀ ਦੱਸੀਆਂ ਜਾਂਦੀਆਂ ਸਨ ਜਾਂ ਆਪਣੇ ਪੁਰਾਤਨ ਇਤਿਹਾਸ ਨੂੰ ਸਾਂਭਣ ਲਈ ਵੀ ਇਸ ਦੇ ਉੱਤੇ ਨਕਾਸ਼ੀ ਕਰਵਾਈ ਜਾਂਦੀ ਸੀ ਜਾਂ ਆਲੇ-ਦੁਆਲੇ ਦੇ ਵਾਤਾਵਰਨ ਦੇ ਵਿੱਚ ਪੈਦਾ ਹੁੰਦੇ ਫੁੱਲ ਰੁੱਖਾਂ ਨੂੰ ਵੀ ਦਰਸਾਇਆ ਜਾਂਦਾ ਸੀ। ਸੋ ਇਸ ਤਰ੍ਹਾਂ ਇਹ ਨਕਾਸ਼ੀ ਜਿਹੜੀ ਸੀ, ਇਹ ਬੜੀ ਮਿਹਨਤ ਵਾਲਾ ਕੰਮ ਸੀ ਔਰ ਇਹਨੂੰ ਰਾਜੇ-ਮਹਾਰਾਜੇ ਜਿਹੜੇ ਹਨ, ਉਹੀ ਜ਼ਿਆਦਾ ਕਰਵਾਉਂਦੇ ਸਨ। ਪਰ ਆਮ ਘਰਾਂ ਵਿੱਚ ਵੀ ਕਈ ਵਾਰੀ ਦੇਖਿਆ ਗਿਆ ਹੈ ਕਿ ਖਿੜਕੀਆਂ ਦਰਵਾਜ਼ੇ ਜਾਂ ਇੱਥੋਂ ਤੱਕ ਕਿ ਮੰਜਿਆਂ ਦੇ ਪਾਵੇ ਜਾਂ ਖੜਾਵਾਂ ਉੱਤੇ ਵੀ ਇਹ ਨਕਾਸ਼ੀ ਕੀਤੀ ਜਾਂਦੀ ਸੀ, ਪਰ ਹੁਣ ਇਹ ਕਲਾ ਬਹੁਤ ਪੱਛੜ ਗਈ ਹੈ ਤੇ ਪਰ ਫਿਰ ਵੀ ਬਹੁਤ ਸਾਰੇ ਲੋਕ ਹਨ, ਜੋ ਮਸ਼ੀਨ ਦੇ ਨਾਲ ਇਹ ਕੰਮ ਕਰਦੇ ਨੇ। ਇੱਥੋਂ ਤੱਕ ਹੋ ਗਿਆ ਹੈ ਕਿ ਹੁਣ ਤਾਂ ਕੰਪਿਊਟਰ ਰਾਹੀਂ ਵੀ ਲੇਜ਼ਰ ਦੇ ਨਾਲ ਨਕਾਸ਼ੀ ਕੀਤੀ ਜਾਂਦੀ ਹੈ। ਨੇਮ ਪਲੇਟਾਂ ਬਣਾਈਆਂ ਜਾਂਦੀਆਂ ਹਨ, ਇਸ ਤਰ੍ਹਾਂ ਦਾ ਇਹ ਕੰਮ ਮਕੈਨੀਕਲ ਹੋ ਗਿਆ ਹੈ, ਜਿਸ ਦੇ ਵਿੱਚ ਉਹ ਸਵਾਦ ਨਹੀਂ ਹੈ, ਜੋ ਹੱਥ ਨਾਲ ਕੀਤੀ ਹੋਈ ਖੁਦਾਈਲ ਦੇ ਵਿੱਚ ਜਾਂ ਖੁਰਦਰੇ ਡਿਜ਼ਾਇਨ ਦੇ ਵਿੱਚ ਹੁੰਦੀ ਸੀ, ਪਰ ਚਲੋ ਫਿਰ ਵੀ ਇਹ ਕਲਾ ਹਾਲੇ ਮਰੀ ਨਹੀਂ ਹੈ।

ਗੁਰੂ ਜੀ ਨੇ ਗ੍ਰਿਹਸਥ ਜੀਵਨ ਨੂੰ ਪ੍ਰਧਾਨਤਾ ਦਿੱਤੀ ਹੈ । ਸਫਲ ਸੁਖਾਵੇਂ ਗ੍ਰਹਿਸਥ ਜੀਵਨ ਲਈ ਗੁਰੂ ਸਾਹਿਬ ਨੇ ਉੱਦਮ ਅਤੇ ਕਿਰਤ ਕਰਨ ਉੱਤੇ ਜ਼ੋਰ ਦਿੱਤਾ ਹੈ । ਉਨ੍ਹਾਂ ਨੇ ਪੰਜ ਸਦੀਆਂ ਪਹਿਲਾਂ ਮਨੁੱਖੀ ਮਨੋਵਿਗਿਆਨ ਦੀਆਂ ਉਹ ਪਰਤਾਂ ਖੋਲ੍ਹੀਆਂ ਹਨ ਜਿਹੜੀਆਂ ਅੱਜ ਮਨੋਵਿਗਿਆਨੀ ਖੋਲ੍ਹ ਰਹੇ ਹਨ । ਗੁਰੂ ਜੀ ਅਨੁਸਾਰ ਹਰੇਕ ਮਾਨਵ ਅੰਦਰ ਅਲੋਕਿਕ ਸ਼ਕਤੀ ਹੈ ਕਿਉਂਕਿ ਆਤਮਾ ਪ੍ਰਮਾਤਮਾਂ ਦਾ ਹੀ ਅੰਸ਼ ਹੈ । ਇਸ ਸ਼ਕਤੀ ਦੀ ਜਿਤਨੀ ਵਰਤੋਂ ਕੀਤੀ ਜਾਂਦੀ ਹੈ ।

# ਬਹੁਤਾ ਕਹੀਐ ਬਹੁਤਾ ਹੋਇ

ਸ੍ਰੀ ਗੁਰੂ ਨਾਨਕ ਸਾਹਿਬ ਨੇ ਜਿੱਥੇ ਸੰਸਾਰ ਨੂੰ ਪਰਮਾਤਮਾ ਦੇ ਮਿਲਾਪ ਦੀ ਜੁਗਤ ਸਿਖਾਈ ਉੱਥੇ ਇਸ ਸੰਸਾਰਿਕ ਜੀਵਨ ਨੂੰ ਸਫਲ ਸੁਖਾਵਾਂ ਬਣਾਉਣ ਦੀ ਵੀ ਜੀਵਨ ਜਾਂਚ ਬਖਸ਼ੀ ਹੈ । ਸੰਸਾਰ ਵਿਚ ਧਰਮ, ਜਾਤ, ਕਿੱਤੇ, ਅਮੀਰੀ ਆਦਿ ਉੱਥੇ ਪਈਆਂ ਵੰਡੀਆਂ ਨੂੰ ਮੇਟ ਸਭ ਨੂੰ ਬਰਾਬਰੀ ਦੀ ਬਖਸ਼ਿਸ਼ ਕੀਤੀ । ਉਨ੍ਹਾਂ ਰਾਜਸੀ ਅਤੇ ਧਾਰਮਿਕ ਅਨਿਆਏ ਅਤੇ ਜ਼ੁਲਮ ਦਾ ਵੀ ਡਟ ਕੇ ਵਿਰੋਧ ਕੀਤਾ । ਗੁਰੂ ਜੀ ਨੇ ਗ੍ਰਹਿਸਥ ਜੀਵਨ ਨੂੰ ਪ੍ਰਧਾਨਤਾ ਦਿੱਤੀ ਹੈ । ਸਫਲ ਸੁਖਾਵੇਂ ਗ੍ਰਹਿਸਥ ਜੀਵਨ ਲਈ ਗੁਰੂ ਸਾਹਿਬ ਨੇ ਉੱਦਮ ਅਤੇ ਕਿਰਤ ਕਰਨ ਉੱਤੇ ਜ਼ੋਰ ਦਿੱਤਾ ਹੈ । ਉਨ੍ਹਾਂ ਨੇ ਪੰਜ ਸਦੀਆਂ ਪਹਿਲਾਂ ਮਨੁੱਖੀ ਮਨੋਵਿਗਿਆਨ ਦੀਆਂ ਉਹ ਪਰਤਾਂ ਖੋਲ੍ਹੀਆਂ ਹਨ ਜਿਹੜੀਆਂ ਅੱਜ ਮਨੋਵਿਗਿਆਨੀ ਖੋਲ੍ਹ ਰਹੇ ਹਨ । ਗੁਰੂ ਜੀ ਅਨੁਸਾਰ ਹਰੇਕ ਮਾਨਵ ਅੰਦਰ ਅਲੋਕਿਕ ਸ਼ਕਤੀ ਹੈ ਕਿਉਂਕਿ ਆਤਮਾ ਪ੍ਰਮਾਤਮਾਂ ਦਾ ਹੀ ਅੰਸ਼ ਹੈ । ਇਸ ਸ਼ਕਤੀ ਦੀ ਜਿਤਨੀ ਵਰਤੋਂ ਕੀਤੀ ਜਾਂਦੀ ਹੈ । ਮਨੁੱਖ ਨੂੰ ਉੱਤਨੀ ਹੀ ਪ੍ਰਾਪਤੀ ਹੁੰਦੀ ਹੈ । ਗੁਰੂ ਸਾਹਿਬ ਵੱਲੋਂ ਬਖਸ਼ੀ ਬਾਣੀ ਸ੍ਰੀ ਜਪੁਜੀ ਸਾਹਿਬ ਅੰਦਰ ਇਸ ਸ਼ਕਤੀ ਦੀ ਵਿਆਖਿਆ ਕੀਤੀ ਗਈ ਹੈ ਅਤੇ ਇਸ ਦਾ ਵੱਧ ਤੋਂ ਵੱਧ ਸਦਉਪਯੋਗ ਕਰਨ ਦੀ ਵਿਧੀ ਵੀ ਦੱਸੀ ਗਈ ਹੈ । ਜਪੁਜੀ ਸਾਹਿਬ ਦੀ ਪੌੜੀ 24 ਵਿਚ ਦਰਜ ਹੈ ।

**ਬਹੁਤ ਕਹੀਐ ਬਹੁਤਾ ਹੋਇ ॥**


ਜੇਕਰ ਅਸੀਂ ਹਰ ਵੇਲੇ ਦਾਤਾ ਦਾ ਸ਼ੁਕਰ ਦਾ ਕਰਦੇ ਹੋਏ ਇਹੋ ਆਖਾਂਗੇ ਕਿ ਉਸ ਦੀ ਅਪਾਰ ਬਖਸ਼ਿਸ਼ ਸਦਕਾ ਬੇਅੰਤ ਸਹੂਲਤਾਂ ਪ੍ਰਾਪਤ ਹਨ ਤਾਂ ਕਦੇ ਤੋੜ ਆ ਹੀ ਨਹੀਂ ਸਕਦੀ । ਜੇਕਰ ਕਦੇ ਕੋਈ ਦੁੱਖ ਜਾਂ ਮਾੜਾ ਸਮਾਂ ਆ ਵੀ ਜਾਵੇ ਤਾਂ ਵੀ ਚੜ੍ਹਦੀ ਕਲਾ ਵਿਚ ਰਹਿਣ ਵਾਲੇ ਮਨੁੱਖ ਹਮੇਸ਼ਾਂ ਇਹੋ ਆਖਣਗੇ :

**ਕੇਤਿਆ ਦੂਖ ਭੂਖ ਸਦ ਮਾਰ ॥**
**ਏਹਿ ਭਿ ਦਾਤਿ ਤੇਰੀ ਦਾਤਾਰ ॥** (25 ਪੌੜੀ)

ਇਹ ਆਖਿਆ ਜਾਂਦਾ ਹੈ ਕਿ ਕੋਈ ਰੁੱਖ ਹੈ ਜਾਂ ਅਜੇਹੀ ਗਊ ਹੈ ਜਿਨ੍ਹਾਂ ਕੋਲ ਇੱਛਾ ਪੂਰਤੀ ਕਰਨ ਦੀ ਸ਼ਕਤੀ ਹੈ । ਇਹ ਦੋਵੇਂ ਕਲਪਨਾ ਦੀ ਦੇਣ ਹਨ । ਪਰ ਇਹ ਵੀ ਸੱਚ ਹੈ ਕਿ ਹਰੇਕ ਮਨੁੱਖ ਕੋਲ ਅਲਾਦੀਨ ਵਰਗਾ ਚਿਰਾਗ ਹੈ ਜਿਸ ਤੋਂ ਜੋ ਮੰਗਿਆ ਜਾਵੇ ਉਹੋ ਪ੍ਰਾਪਤ ਹੋ ਜਾਂਦਾ ਹੈ ।

ਸ਼ਾਇਦ ਤੁਸੀਂ ਅਲਾਦੀਨ ਦੇ ਚਿਰਾਗ ਦੀ ਕਹਾਣੀ ਸੁਣੀ ਹੋਵੇਗੀ । ਅਲਾਦੀਨ ਨੂੰ ਇਕ ਪੁਰਾਣਾ ਚਿਰਾਗ ਲੱਭਿਆ, ਜਦੋਂ ਉਹ ਉਸ ਨੂੰ ਸਾਫ ਕਰਨ ਲੱਗਾ ਤਾਂ ਇਕ ਜਿੰਨ ਪ੍ਰਗਟ ਹੋ ਗਿਆ । ਜਿੰਨ ਵੇਖ ਅਲਾਦੀਨ ਡਰ ਗਿਆ । ਪਰ ਉਸ ਜਿੰਨ ਨੇ ਆਖਿਆ-''ਮੈਂ ਇਸ ਚਿਰਾਗ ਦਾ ਗੁਲਾਮ ਹਾਂ । ਹੁਣ ਇਸ ਚਿਰਾਗ ਦੇ ਮਾਲਕ ਤੁਸੀਂ ਹੋ ਇਸ ਕਰਕੇ ਮੈਂ ਤੁਹਾਡਾ ਗੁਲਾਮ ਹਾਂ । ਤੁਸੀਂ ਮੈਨੂੰ ਜੋ ਹੁਕਮ ਕਰੋਗੇ ਉਹ ਹੀ ਹਾਜ਼ਰ ਕਰ ਦੇਵਾਂਗਾ ।'' ਅਲਾਦੀਨ ਨੇ ਪਰਖ ਲਈ ਕੁਝ ਖਾਣ ਪੀਣ ਦਾ ਸਮਾਨ ਮੰਗਿਆ ਜਿੰਨ ਨੇ ਸਭੋ ਕੁੱਝ ਹਾਜ਼ਰ ਕਰ ਦਿੱਤਾ । ਅਸਲ ਵਿਚ ਇਹ ਚਿਰਾਗ ਹਰੇਕ ਕੋਲ ਹੈ । ਅਸੀਂ ਜੋ ਚਿਤਵਦੇ ਹਾਂ ਉਹ ਹੀ ਹੋ ਜਾਂਦੇ ਹੈ । ਜੇਕਰ ਅਸੀਂ ਸੋਚਦੇ ਹਾਂ ਅਜ ਤਾਂ ਥੱਕ ਗਏ ਹਾਂ ਹੁਣ ਸੌਂ ਜਾਣਾ ਚਾਹੀਦਾ ਹੈ । ਤੁਹਾਨੂੰ ਨੀਂਦ ਆ ਜਾਵੇਗੀ । ਜੇਕਰ ਤੁਸੀਂ ਦ੍ਰਿੜਤਾ ਨਾਲ ਆਪਣੇ ਆਪ ਨੂੰ ਆਖਦੇ ਹੋ ਕਿ ਇਹ ਸਾਰਾ ਕੰਮ ਕਰ ਕੇ ਹੀ ਸੌਣਾ ਹੈ । ਤੁਹਾਡੀ ਨੀਂਦ ਉੱਡ ਜਾਵੇਗੀ ਤੇ ਤੁਸੀਂ ਪੂਰੀ ਫੁਰਤੀ ਨਾਲ ਉਸ ਕੰਮ ਨੂੰ ਕਰ ਲਵੋਗੇ । ਫਰਜ ਕਰੋ ਤੁਸੀ ਲੰਬੀ ਸੈਰ ਕਰਕੇ ਥੱਕ ਕੇ ਪਾਰਕ ਦੇ ਬੈਂਚ ਉੱਤੇ ਬੈਠ ਜਾਂਦੇ ਹੋ । ਦੂਰੋਂ ਤੁਹਾਡੇ ਵੱਲ ਇਕ ਕੁੱਤਾ ਭੌਂਕਦਾ ਹੋਇਆ ਆਉਂਦਾ ਹੈ । ਤੁਸੀਂ ਆਪਣੇ ਆਪ ਨੂੰ ਹੁਕਮ ਦਿੰਦੇ ਹੋ, 'ਚਲ ਭਜ ਓਏ' ਜਿਸ ਤੇਜ਼ੀ ਨਾਲ ਤੁਸੀਂ ਦੌੜੋਗੇ, ਤੁਸੀਂ ਆਪ ਵੀ ਹੈਰਾਨ ਰਹਿ ਜਾਵੋਗੇ । ਆਮ ਜੀਵਨ ਵਿਚ ਆਪਣੀ ਇਸ ਸ਼ਕਤੀ ਦੀ ਮਸਾਂ 20 ਕੁ ਪ੍ਰਤੀਸ਼ਤ ਹੀ ਵਰਤੀ ਜਾਂਦੀ ਹੈ । ਜਿਨ੍ਹਾਂ ਨੇ ਵੱਡੀਆਂ ਪ੍ਰਾਪਤੀਆਂ ਕੀਤੀਆਂ ਹਨ ਉਨ੍ਹਾਂ ਸੁਪਨੇ ਵੀ ਛੱਡੇ ਵੇਖੇ ਸਨ । ਆਪਣੀ ਇੱਛਾ ਸ਼ਕਤੀ ਨੂੰ ਇਤਨਾ ਮਜਬੂਤ ਕੀਤਾ ਕਿ ਮੰਜ਼ਿਲ ਉੱਤੇ ਪਹੁੰਚ ਹੀ ਗਏ । ਉਹ ਦੁੱਖ ਜਾਂ ਹਾਰ ਤੋਂ ਘਬਰਾ ਕੇ ਯਤਨ ਕਰਨੇ ਛੱਡ ਨਹੀਂ ਦਿੰਦੇ ਸਗੋਂ ਇਨ੍ਹਾਂ ਨੂੰ ਆਪਣੀ ਜਿੱਤ ਦੀ ਪਹਿਲੀ ਪੌੜੀ ਸਮਝਦੇ ਹਨ । ਸਫਲਤਾ ਪ੍ਰਾਪਤ ਕਰਨ ਵਾਲਿਆਂ ਦੇ ਜੀਵਨ ਵੱਲ ਝਾਤ ਮਾਰ ਕੇ ਜੇਕਰ ਵੇਖਿਆ ਜਾਵੇ ਤਾਂ ਉਨ੍ਹਾਂ ਵਿਚੋਂ ਕੋਈ ਵੀ ਸੋਨੇ ਦੇ ਬਰਤਨਾਂ ਵਿਚ ਰੋਟੀ ਖਾਣ ਵਾਲਾ ਨਹੀਂ ਸੀ । ਬਚਪਨ ਵਿਚ ਉਨ੍ਹਾਂ ਤੰਗੀਆਂ ਤੁਰਸ਼ੀਆਂ ਦੀ ਪ੍ਰਵਾਹ ਕੀਤੇ ਬਿਨ੍ਹਾਂ ਹੀ ਆਪਣੇ ਮਿਹਨਤ ਜਾਰੀ ਰੱਖੀ ਤੇ ਆਪਣੀ ਮੰਜ਼ਿਲ ਦੀ ਪ੍ਰਾਪਤੀ ਕੀਤੀ । ਦੁੱਖ ਤੇ ਭੁੱਖ ਨੂੰ ਜਦੋਂ ਪ੍ਰਮਾਤਮਾ ਦੀ ਦਾਤ ਸਮਝ ਲਿਆ ਜਾਵੇ ਤਾਂ ਮਨੁੱਖ ਡੋਲਦਾ ਨਹੀਂ ਸਗੋਂ ਉਸ ਦਾ ਆਪਣੇ ਆਪ ਉੱਤੇ ਭਰੋਸਾ ਹੋਰ ਪੱਕਾ ਹੋ ਜਾਂਦਾ ਹੈ ।

ਤੁਹਾਡੇ ਨਾਲ ਮੈਂ ਮਹਾਤਮਾ ਬੁੱਧ ਦੇ ਜੀਵਨ ਦੀ ਇਕ ਘਟਨਾ ਸਾਂਝੀ ਕਰਨੀ ਚਾਹੁੰਦਾ ਹਾਂ । ਮਹਾਤਮਾ ਜੀ ਆਪਣੇ ਚੇਲਿਆਂ ਨਾਲ ਜਾ ਰਹੇ ਸਨ । ਕੁਝ ਥਕਾਵਟ ਮਹਿਸੂਸ ਹੋਈ ਤਾਂ ਚੇਲਿਆਂ ਦੇ ਕਹਿਣ ਉੱਤੇ ਇਕ ਚਟਾਨ ਵੇਖ ਅਰਾਮ ਕਰਨ ਬੈਠ ਗਏ । ਉਸ ਪੱਥਰ ਨੂੰ ਵੇਖ ਇਕ ਚੇਲਾ ਪੁੱਛਣ ਲੱਗਾ, ''ਮਹਾਰਾਜ ਮੇਰਾ ਖਿਆਲ ਹੈ ਸੰਸਾਰ ਵਿਚ ਸਭ ਤੋਂ ਮਜ਼ਬੂਤ ਪੱਥਰ ਹੀ ਹੁੰਦਾ ਹੈ ।'' ਮਹਾਤਮਾ ਜੀ ਆਖਣ ਲੱਗੇ, ''ਨਹੀਂ ਕਿਉਂਕਿ ਪੱਥਰ ਨੂੰ ਤਾਂ ਲੋਹਾ ਕੱਟ ਸਕਦਾ ਹੈ ।'' ਚੇਲੇ ਨੇ ਫਿਰ ਪੁੱਛਿਆ, ''ਮਹਾਰਾਜ ਫਿਰ ਲੋਹਾ ਸਭ ਤੋਂ ਮਜਬੂਤ ਹੋਇਆ ।'' ਮਹਾਰਾਜ ਦਾ ਉੱਤਰ ਸੀ ਕਿ ਲੋਹੇ ਨੂੰ ਤਾਂ ਅੱਗ ਢਾਲ ਸਕਦੀ ਹੈ । ਚੇੜੇ ਮੁੜ ਪੁੱਛਿਆ, ਮਹਾਰਾਜ ਫਿਰ ਅਗਨੀ ਸਭ ਤੋਂ ਬਲਵਾਨ ਹੋਈ, ''ਗੁਰੂ ਨੇ ਦੱਸਿਆ ਕਿ ਅਗਨੀ ਨੂੰ ਤਾਂ ਪਾਣੀ ਬੁੱਝਾ ਸਕਦਾ ਹੈ, ਫਿਰ ਪਾਣੀ ਤਾਕਤਵਾਰ ਹੋਇਆ, ਨਹੀਂ ਪਾਣੀ ਨੂੰ ਤਾਂ ਧੁੱਪ ਸੁਕਾ ਦਿੰਦੀ ਹੈ । ਚੇਲੇ ਨੇ ਲਾਚਾਰ ਹੋ ਕੇ ਫਿਰ ਆਖਿਆ, ''ਮਹਾਰਾਜ ਫਿਰ ਸੰਸਾਰ ਵਿਚ ਸਭ ਤੋਂ ਸ਼ਕਤੀਸ਼ਾਲੀ ਕੌਣ ਹੈ ?'' ਮਹਾਤਮਾ ਬੁੱਧ ਦਾ ਉੱਤਰ ਸੀ ਕਿ ਸੰਸਾਰ ਵਿਚ ਸਭ ਤੋਂ ਸ਼ਕਤੀਸ਼ਾਲੀ ਮਨੁੱਖ ਦੀ ਇੱਛਾ ਸ਼ਕਤੀ ਹੈ । ਜੇ ਉਹ ਚਾਹਵੇ ਤਾਂ ਸਾਰੀਆਂ ਸੰਸਾਰਿਕ ਵਸਤੂਆਂ ਉਤੇ ਕਾਬੂ ਪਾ ਸਕਦਾ ਹੈ । ਮਜ਼ਬੂਤ ਇੱਛਾ ਸ਼ਕਤੀ ਲਈ ਚੜ੍ਹਦੀ ਕਲਾ ਵਿਚ ਰਹਿਣਾ ਜ਼ਰੂਰੀ ਹੈ । ਜਿਹੜੇ ਛੇਤੀ ਹੀ ਢੇਰੀ ਢਾਹ ਲੈਂਦੇ ਹਨ ਉਹ ਕਦੇ ਵੀ ਵੱਡੀਆਂ ਪ੍ਰਾਪਤੀਆਂ ਨਹੀਂ ਕਰ ਸਕਦੇ । ਉਨ੍ਹਾਂ ਦੇ ਪੱਲੇ ਤਾਂ ਰੋਣਾ ਹੀ ਪੈ ਜਾਂਦਾ ਹੈ । ਅਜਿਹੇ ਵਿਅਕਤੀਆਂ ਨੂੰ ਜਦੋਂ ਵੀ ਮਿਲੋ ਉਹ ਹਮੇਸ਼ਾ ਆਪਣੇ ਦੁੱਖਾਂ ਅਤੇ ਔਕੜਾਂ ਦਾ ਰੋਣਾ ਲੈ ਕੇ ਬਹਿ ਜਾਣਗੇ । ਅਜਿਹੇ ਮਨੁੱਖ ਦੂਜਿਆਂ ਨੂੰ ਅੱਗੇ ਵੱਧਦੇ ਵੇਖ ਕੇ ਖੁਸ਼ ਨਹੀਂ ਹੁੰਦੇ



ਡਾ. ਰਣਜੀਤ ਸਿੰਘ

ਸਗੋਂ ਹੋਰ ਦੁਖੀ ਹੋ ਜਾਂਦੇ ਹਨ । ਇਨ੍ਹਾਂ ਬਾਰੇ ਆਖਿਆ ਗਿਆ ਹੈ ਕਿ ਉਹ ਆਪਣੇ ਦੁੱਖ ਨਾਲ ਇਤਨੇ ਦੁਖੀ ਨਹੀਂ ਹੁੰਦੇ ਜਿਤਨੇ ਦੂਜੇ ਦੇ ਸੁਖ ਨੂੰ ਵੇਖ ਦੁਖੀ ਹੋ ਜਾਂਦੇ ਹਨ । ਉਨ੍ਹਾਂ ਦੇ ਪੱਲੇ ਹਮੇਸ਼ਾਂ ਦੁਜਿਆਂ ਦੀ ਨਿੰਦਿਆ ਕਰਨੀ ਜਾਂ ਚੁਗਲੀ ਕਰਨਾ ਹੀ ਪੈ ਜਾਂਦਾ ਹੈ । ਉਹ ਕੁਦਰਤ ਵਲੋਂ ਬਖਸ਼ੀ ਜੁਬਾਨ ਦੀ ਦਾਤ ਦਾ ਦੁਰਉਪਯੋਗ ਹੀ ਕਰਦੇ ਹਨ । ਅੱਗੇ ਉਹ ਹੀ ਵੱਧਦੇ ਹਨ ਜਿਹੜੇ ਹਿੰਮਤ ਕਰਕੇ ਸਵੈਭਰੋਸੇ ਸਦਕਾ ਆਪਣੇ ਰਾਹ ਤੁਰ ਪੈਂਦੇ ਹਨ । ਹੌਲੀ-ਹੌਲੀ ਉਨ੍ਹਾਂ ਦਾ ਕਾਫਲਾ ਵੱਡਾ ਹੁੰਦਾ ਜਾਂਦਾ ਹੈ । ਜਿਹੜੇ ਕਿਸੇ ਕਾਫਲੇ ਦੀ ਉਡੀਕ ਵਿਚ ਖੜ੍ਹੇ ਰਹਿੰਦੇ ਹਨ ਉਹ ਉੱਥੇ ਹੀ ਖੜ੍ਹੇ ਰਹਿ ਜਾਂਦੇ ਹਨ ।

ਤੁਸੀਂ ਪ੍ਰਸਿੱਧ ਵਿਗਿਆਨੀ ਥੋਮਸਨ ਐਡੀਸਨ ਦਾ ਨਾਮ ਤਾਂ ਜਰੂਰ ਸੁਣਿਆ ਹੋਇਆ ਹੋਵੇਗਾ । ਉਸ ਨੇ ਸਭ ਤੋਂ ਵੱਧ ਅਵਿਸ਼ਕਾਰ ਕੀਤੇ ਹਨ । ਸਭ ਤੋਂ ਵੱਡੀ ਕਾਢ ਬੱਲਬ ਦੀ ਸੀ । ਜੇਕਰ ਉਹ ਅਜਿਹਾ ਨਾ ਕਰਦਾ ਤਾਂ ਸੰਸਾਰ ਕੇਵਲ ਤੇਲ ਦੇ ਦੀਵਿਆਂ ਦੇ ਚਾਨਣ ਸਹਾਰੇ ਹੀ ਰਹਿ ਜਾਂਦਾ । ਇਹ ਕਾਮਯਾਬੀ ਉਸ ਨੂੰ ਘੱਟੋ ਘੱਟ ਇਕ ਹਜ਼ਾਰ ਯਤਨ ਕਰਨ ਪਿਛੋਂ ਪ੍ਰਾਪਤ ਹੋਈ । ਹਰੇਕ ਵਾਰ ਉਸ ਇਹ ਨਹੀਂ ਆਖਿਆ ਕਿ ਮੈਂ ਸਫਲ ਨਹੀਂ ਹੋ ਸਕਿਆ, ਸਗੋਂ ਇਸ ਨੂੰ ਸਫਲਤਾ ਦੀ ਪੌੜੀ ਤੇ ਹੋਰ ਅੱਗੇ ਚੜ੍ਹਨਾ ਆਖਿਆ । ਉਸ ਦੀ ਕਾਮਯਾਬੀ ਪਿਛੇ ਉਸ ਦੀ ਮਾਂ ਦਾ ਵਿਸ਼ੇਸ਼ ਹੱਥ ਸੀ । ਜਦੋਂ ਉਸ ਨੂੰ ਸਕੂਲ ਦਾਖਲ ਕਰਵਾਇਆ ਗਿਆਂ ਤਾਂ ਥੋੜ੍ਹੇ ਦਿਨਾਂ ਪਿਛੋਂ ਹੀ ਉਸ ਨੂੰ ਸਕੂਲ ਵਿਚੋਂ ਕੱਢ ਦਿੱਤਾ ਗਿਆ । ਉਸ ਦੀ ਅਧਿਆਪਕਾ ਨੇ ਇਸ ਸਬੰਧੀ ਮਾਂ ਨੂੰ ਸੂਚਿਤ ਕਰਨ ਲਈ ਇਕ ਚਿੱਠੀ ਉਸ ਦੇ ਹੱਥ ਭੇਜ ਦਿੱਤੀ । ਮਾਂ ਨੇ ਜਦੋਂ ਉਹ ਚਿੱਠੀ ਪੜ੍ਹੀ ਪਹਿਲਾਂ ਤਾਂ ਕੁਝ ਘਬਰਾਹਟ ਹੋਈ ਕਿਉਂਕਿ ਚਿੱਠੀ ਵਿਚ ਲਿਖਿਆ ਸੀ ਕਿ ਤੁਹਾਡਾ ਬੱਚਾ ਮੰਦਬੁੱਧੀ ਵਾਲਾ ਹੈ । ਇਹ ਸਕੂਲ ਵਿਚ ਪੜ੍ਹਨ ਦੇ ਯੋਗ ਨਹੀਂ ਹੈ ਇਸ ਨੂੰ ਘਰ ਹੀ ਥੋੜ੍ਹਾ ਬਹੁਤ ਪੜ੍ਹਾ ਦੇਣਾ । ਜਦੋਂ ਐਡੀਸਨ ਨੇ ਮਾਂ ਤੋਂ ਪੁੱਛਿਆ ਕਿ ਇਸ ਚਿੱਠੀ ਵਿਚ ਕੀ ਲਿਖਿਆ ਹੈ ਤਾਂ ਮਾਂ ਨੇ ਮੁਸਕਰਾਉਂਦੇ ਹੋਏ ਦੱਸਿਆ ਕਿ ਤੇਰੀ ਮੈਡਮ ਨੇ ਲਿਖਿਆ ਹੈ ਕਿ ਤੁਹਾਡਾ ਬੱਚਾ ਬਹੁਤ ਹੀ ਲਾਇਕ ਹੈ । ਇਸ ਨੂੰ ਸਕੂਲ ਭੇਜਣ ਦੀ ਲੋੜ ਨਹੀਂ ਹੈ । ਇਸ ਨੂੰ ਘਰ ਵਿਚ ਹੀ ਆਪਣੇ ਆਪ ਪੜ੍ਹਨ ਦਿਉ । ਇਹੋ ਹੌਂਸਲੇ ਵਾਲੇ ਬੋਲ ਸਨ ਜਿਨ੍ਹਾਂ ਮੰਦਬੁੱਧੀ ਸਮਝੇ ਜਾਂਦੇ ਬੱਚੇ ਨੂੰ ਸੰਸਾਰ ਦਾ ਮਹਾਨ ਵਿਗਿਆਨੀ ਬਣਾ ਦਿੱਤਾ ।

ਤੁਹਾਡੇ ਨਾਲ ਮੈਂ ਆਪਣੇ ਅਧਿਆਪਕ ਅਤੇ ਪ੍ਰਸਿੱਧ ਖੇਤੀ ਅਰਥਸ਼ਾਸਤਰੀ ਡਾ. ਸਰਦਾਰਾ ਸਿੰਘ ਜੌਹਲ ਹੋਰਾਂ ਦੇ ਜੀਵਨ ਦੀ ਇਕ ਘਟਨਾ ਸਾਂਝੀ ਕਰਨੀ ਚਾਹੁੰਦਾ ਹਾਂ । ਹੌਂਸਲੇ ਵਾਲੇ ਦੇ ਬੋਲ ਮਨੁੱਖ ਨੂੰ ਬੁਲੰਦੀਆਂ ਉੱਤੇ ਪਹੁੰਚਾ ਦਿੰਦੇ ਹਨ । ਡਾ. ਸਾਹਿਬ ਦੇ ਪਿਤਾ ਜੀ ਖੇਤੀ ਕਰਦੇ ਸਨ, ਮਾਂ ਬਚਪਨ ਵਿਚ ਹੀ ਸਾਥ ਛੱਡ ਗਈ ਸੀ । ਘਰ ਵਿਚ ਪੜ੍ਹਾਈ ਵਾਲਾ ਮਾਹੌਲ ਨਹੀਂ ਸੀ । ਘਰਦਿਆਂ ਲਾਗਲੇ ਪਿੰਡ ਦੇ ਸਕੂਲ ਵਿਚ ਦਾਖਲ ਕਰਵਾ ਦਿੱਤਾ । ਉਦੋਂ ਸਾਰੇ ਬੱਚੇ ਆਪੋ ਵਿਚ ਗੱਪਾਂ ਮਾਰਦੇ ਪੈਦਲ ਹੀ ਸਕੂਲ ਜਾਂਦੇ ਸਨ । ਇਨ੍ਹਾਂ ਦੀ ਪੜ੍ਹਾਈ ਵਿਚ ਕੋਈ ਬਹੁਤੀ ਰੁਚੀ ਨਹੀਂ ਸੀ । ਉਦੋਂ ਅਧਿਆਪਕ ਆਪਣੇ ਕੋਲ ਸੋਟੀ ਰੱਖਦੇ ਸਨ । ਸਜਾ ਦੇਣ ਲਈ ਹੱਥਾਂ ਉੱਤੇ ਸੋਟੀ ਮਾਰਦੇ ਹੁੰਦੇ ਹਨ । ਇਹ ਸਤਵੀਂ ਵਿੱਚੋਂ ਫੇਲ ਹੋ ਗਏ ਤੇ ਮੁੜ ਸਕੂਲ ਜਾਣ ਤੋਂ ਨਾਂਹ ਕਰ ਦਿੱਤੀ । ਘਰ ਦੇ ਚਾਹੁੰਦੇ ਸਨ ਕਿ ਮੁੰਡਾ ਮਿਡਲ ਪਾਸ ਕਰ ਲਵੇ ਚਿੱਠੀ ਪੜ੍ਹਨ ਜੋਗਾ ਹੋ ਜਾਵੇਗਾ । ਉਦੋਂ ਪਿੰਡਾਂ ਵਿਚ ਬਹੁਤੇ ਮਿਡਲ ਸਕੂਲ ਹੀ ਹੁੰਦੇ ਸਨ । ਮੁਸ਼ਕਿਲ ਨਾਲ ਇਨ੍ਹਾਂ ਨੂੰ ਕਿਸੇ ਹੋਰ ਪਿੰਡ ਦੇ ਸਕੂਲ ਵਿਚ ਦਾਖਲ ਕਰਵਾਇਆ ਗਿਆ । ਪਹਿਲੇ ਹੀ ਦਿਨ ਕਲਾਸ ਵਿਚ ਮੌਲਵੀ ਸਾਹਿਬ ਫਾਰਸੀ ਪੜ੍ਹਾਉਣ ਆਏ । ਉਨ੍ਹਾਂ ਇਨ੍ਹਾਂ ਨੂੰ ਸਬਕ ਸੁਣਾਉਣ ਲਈ ਆਖਿਆ । ਸਬਕ ਤਾਂ ਯਾਦ ਨਹੀਂ ਇਸ ਕਰਕੇ ਦੋਵੇਂ ਹੱਥ ਸੋਟੀਆਂ ਖਾਣ ਲਈ ਅੱਗੇ ਕਰ ਦਿੱਤੇ । ਮੌਲਵੀ ਸਾਹਿਬ ਨੇ ਸੋਟੀ ਨਹੀਂ ਮਾਰੀ ਸਗੋਂ ਆਖਿਆ, ''ਸਰਦਾਰਿਆ ਤੂੰ ਇਤਨਾ ਦਰਸ਼ਨੀ ਮੁੰਡਾ ਹੈ ਤੇਰੇ ਲਈ ਇਹ ਸਬਕ ਯਾਦ ਕਰਨਾ ਕੀ ਔਖਾ ਹੈ । ਕੱਲ੍ਹ ਨੂੰ ਯਾਦ ਕਰਕੇ ਆਵੀ, ''ਇਨ੍ਹਾਂ ਸ਼ਬਦਾਂ ਨੇ ਸੋਚ ਹੀ ਬਦਲ ਦਿੱਤੀ । ਇਨ੍ਹਾਂ ਉਸ ਸਬਕ ਨੂੰ ਘਰ ਜਾ ਕੇ ਰੱਟਾ ਲਗਾ ਲਿਆ । ਜਦੋਂ ਮਾਸਟਰ ਜੀ ਨੇ ਦੂਜੇ ਦਿਨ ਸਬਕ ਸੁਣਾਉਣ ਲਈ ਆਖਿਆ ਤਾਂ ਇਨ੍ਹਾਂ ਫਟਾਫਟ ਉਹ ਸਬਕ ਸੁਣਾ ਦਿੱਤਾ । ਮਾਸਟਰ ਜੀ ਨੇ ਆਖਿਆ, ''ਸ਼ਾਬਾਸ਼ ਜੇਕਰ ਤੂੰ ਇਸੇ ਤਰ੍ਹਾਂ ਮਿਹਨਤ ਕਰਦਾ ਰਿਹਾ ਤਾਂ ਅੱਠਵੀਂ ਵਿਚੋਂ ਵਜੀਫਾ ਲੈ ਜਾਵੇਂਗਾ ।'' ਸੱਚਮੁਚ ਡਾ. ਸਾਹਿਬ ਨੇ ਅੱਠਵੀਂ ਵਿੱਚੋਂ ਵਜ਼ੀਫਾ ਪ੍ਰਾਪਤ ਕਰ ਲਿਆ । ਹੌਂਸਲੇ ਦੇ ਦੋ ਬੋਲ ਮਨੁੱਖੀ ਦਿਮਾਗ ਨੂੰ ਅੱਗੇ ਵੱਧਣ ਲਈ ਉਕਸਾਂਦੇ ਹਨ ਜਦੋਂ ਕਿ ਹਰ ਵੇਲੇ ਰੋਣ ਵਾਲਿਆਂ ਦੇ ਪੱਲੇ ਰੋਣਾ ਹੀ ਪੈ ਜਾਂਦਾ ਹੈ । ਇਸ ਕਰਕੇ ਇਨਸਾਨ ਨੂੰ ਚੜ੍ਹਦੀ ਕਲਾ ਵਿਚ ਰਹਿੰਦਿਆਂ ਹਮੇਸ਼ਾਂ ਅੱਗੇ ਵਧਣ ਬਾਰੇ ਸੋਚਣਾ ਚਾਹੀਦਾ ਹੈ । ਦੂਜਿਆਂ ਦੀ ਸਫਲਤਾ ਵੇਖ ਝੂਰੀ ਜਾਣ ਤਾਂ ਨੁਕਸ ਕੱਢੀ ਜਾਣ ਨਾਲ ਆਪਣੇ ਆਪ ਦਾ ਹੀ ਨੁਕਸਾਨ ਹੁੰਦਾ ਹੈ । ਹਮੇਸ਼ਾ ਸਕਾਰਾਤਮਕ ਸੋਚੋ । ਅੱਗੇ ਵੱਧਣ ਦਾ ਹੌਂਸਲਾ ਕਰੋ । ਰਾਹ ਆਪਣੇ ਆਪ ਹੀ ਬਣ ਜਾਣਗੇ ।

ਹੌਂਸਲੇ ਦੇ ਦੋ ਬੋਲ ਮਨੁੱਖੀ ਦਿਮਾਗ ਨੂੰ ਅੱਗੇ ਵੱਧਣ ਲਈ ਉਕਸਾਂਦੇ ਹਨ ਜਦੋਂ ਕਿ ਹਰ ਵੇਲੇ ਰੋਣ ਵਾਲਿਆਂ ਦੇ ਪੱਲੇ ਰੋਣਾ ਹੀ ਪੈ ਜਾਂਦਾ ਹੈ । ਇਸ ਕਰਕੇ ਇਨਸਾਨ ਨੂੰ ਚੜ੍ਹਦੀ ਕਲਾ ਵਿਚ ਰਹਿੰਦਿਆਂ ਹਮੇਸ਼ਾਂ ਅੱਗੇ ਵਧਣ ਬਾਰੇ ਸੋਚਣਾ ਚਾਹੀਦਾ ਹੈ । ਦੂਜਿਆਂ ਦੀ ਸਫਲਤਾ ਵੇਖ ਝੂਰੀ ਜਾਣ ਤਾਂ ਨੁਕਸ ਕੱਢੀ ਜਾਣ ਨਾਲ ਆਪਣੇ ਆਪ ਦਾ ਹੀ ਨੁਕਸਾਨ ਹੁੰਦਾ ਹੈ । ਹਮੇਸ਼ਾ ਸਕਾਰਾਤਮਕ ਸੋਚੋ । ਅੱਗੇ ਵੱਧਣ ਦਾ ਹੌਂਸਲਾ ਕਰੋ । ਰਾਹ ਆਪਣੇ ਆਪ ਹੀ ਬਣ ਜਾਣਗੇ ।

# ਅਮਰੂਦ ਦਾ ਖੁਰਾਕੀ ਮਹੱਤਵ ਅਤੇ ਢੁੱਕਵੀਂ ਕਾਸ਼ਤ

ਪੰਜਾਬ ਵਿਚ ਰਕਬੇ ਮੁਤਾਬਕ ਕਾਸ਼ਤ ਕੀਤੇ ਜਾ ਰਹੇ ਫਲਾਂ ਵਿਚੋਂ ਅਮਰੂਦ ਦੂਜੇ ਨੰਬਰ ਦਾ ਫਲ ਹੈ । ਪਿਛਲੇ ਕੁਝ ਸਾਲ ਦੌਰਾਨ ਇਸ ਫਲ ਦੀ ਕਾਸ਼ਤ ਦੇ ਅਨੁਕੂਲ ਪੌਣ ਪਾਣੀ ਹੋਣ ਕਾਰਨ ਇਸ ਦੀ ਕਾਸ਼ਤ ਹੇਠ ਰਕਬਾ ਵਧਾਉਣ ਦੀ ਕਾਫੀ ਗੁੰਜਾਇਸ਼ ਬਾਕੀ ਹੈ । ਇਸ ਫਲ ਦੇ ਪੌਦਿਆਂ 'ਤੇ ਬੀਮਾਰੀਆਂ ਅਤੇ ਕੀੜਿਆਂ ਦਾ ਹਮਲਾ ਵੀ ਘੱਟ ਹੁੰਦਾ ਹੈ ਅਤੇ ਇਸ ਦੇ ਬਾਗਾਂ ਦੀ ਦੇਖਭਾਲ ਕਰਨੀ ਵੀ ਬਹੁਤ ਸੌਖੀ ਹੁੰਦੀ ਹੈ, ਇਸ ਦੇ ਫਲ ਦੀ ਕਾਸ਼ਤ ਪੰਜਾਬ ਭਰ ਦੇ ਕਿਸਾਨਾਂ ਵਿਚ ਕਾਫੀ ਮਕਬੂਲ ਹੋ ਰਹੀ ਹੈ ।



ਪੰਜਾਬ ਐਗਰੀਕਲਚਰ ਯੂਨੀਵਰਸਿਟੀ ਵੱਲੋਂ ਅਮਰੂਦਾਂ ਦੀਆਂ ਕਈ ਕਿਸਮਾਂ ਜਿਵੇਂ ਕਿ ਪੰਜਾਬ ਸਫੈਦਾ, ਪੰਜਾਬ ਕਿਰਨ, ਪੰਜਾਬ ਐਪਲ ਅਮਰੂਦ, ਸ਼ਵੇਤਾ, ਸਰਦਾਰ, ਅਲਾਹਾਬਾਦ ਸਫੈਦਾ ਅਤੇ ਪੰਜਾਬ ਪਿੰਕ ਸਿਫਾਰਿਸ਼ ਕੀਤੀਆਂ ਜਾਂਦੀਆਂ ਹਨ । ਇਹ ਸਾਰੀਆਂ ਕਿਸਮਾਂ ਤਾਜ਼ੇ ਖਾਣ ਲਈ ਅਤੇ ਪ੍ਰੋਸੈਸਿੰਗ ਕਰਨ ਵਾਸਤੇ ਬਹੁਤ ਢੁੱਕਵੀਆਂ ਹਨ । ਪੀ.ਏ.ਯੂ. ਵੱਲੋਂ ਅਮਰੂਦਾਂ ਦੇ ਚੰਗੇ ਝਾੜ ਅਤੇ ਵਧੀਆ ਗੁਣਵੱਤਾ ਲਈ ਕਈ ਪੈਦਾਵਾਰ ਅਤੇ ਪੌਦ ਸੁਰੱਖਿਆ ਤਕਨੀਕਾਂ ਵੀ ਵਿਕਸਿਤ ਕੀਤੀਆਂ ਗਈਆਂ ਹਨ । ਜਿਵੇਂ ਕਿ ਪੁਰਾਣੇ ਬਾਗਾਂ ਨੂੰ ਮੁੜ ਸੁਰਜੀਤ ਕਰਨ ਦੀ ਵਿਧੀ, ਬਾਗਾਂ ਵਿਚ ਨਦੀਨਾਂ ਦੀ ਰੋਕਥਾਮ ਲਈ ਮਲਚਿੰਗ ਵਿਧੀ, ਪਾਣੀ ਅਤੇ ਖਾਦਾਂ ਦੀ ਬੱਚਤ

**ਇਸ ਫਲ ਦੇ ਪੌਦਿਆਂ 'ਤੇ ਬੀਮਾਰੀਆਂ ਅਤੇ ਕੀੜਿਆਂ ਦਾ ਹਮਲਾ ਵੀ ਘੱਟ ਹੁੰਦਾ ਹੈ**

ਲਈ ਤੁਪਕਾ ਪ੍ਰਣਾਲੀ ਅਤੇ ਫਰਟੀਗੇਸ਼ਨ ਦੀ ਵਿਧੀ, ਫਲਾਂ ਦੀ ਇਕਸਾਰਤਾ ਤਕਨੀਕ, ਜਿਨ੍ਹਾਂ ਨੂੰ ਅਪਣਾ ਕੇ ਪੰਜਾਬ ਦੇ ਅਮਰੂਦ ਕਾਸ਼ਤਕਾਰਾਂ ਵੱਲੋਂ ਵਧੇਰੇ ਝਾੜ, ਚੰਗੀ ਗੁਣਵੱਤਾ ਵਾਲੇ ਫਲਾਂ ਦੀ ਪੈਦਾਵਾਰ ਕੀਤੀ ਜਾ ਸਕਦੀ ਹੈ । ਇਸ ਤੋਂ ਇਲਾਵਾ ਬਰਸਾਤੀ ਮੌਸਮ ਵਿਚ ਅਮਰੂਦਾਂ ਨੂੰ ਫਲ ਦੀ ਮੱਖੀ ਦੇ ਹਮਲੇ ਤੋਂ ਬਚਾਉਣ ਲਈ ਪੀ.ਏ.ਯੂ. ਫਰੂਟ ਫਲਾਈ ਟਰੈਪ ਅਤੇ ਨਾਨ-ਵੂਵਨ ਲਿਫਾਫਿਆਂ ਨਾਲ ਬੂਟਿਆਂ 'ਤੇ ਬੈਗਿੰਗ ਕਰ ਕੇ ਗੁਣਵੱਤਾ ਸੁਧਾਰ ਆਦਿ ਤਕਨੀਕਾਂ ਪ੍ਰਮੁੱਖ ਹਨ ।

**ਅਮਰੂਦਾਂ ਦਾ ਖੁਰਾਕੀ ਮਹੱਤਵ**

ਵਪਾਰਕ ਪੱਧਰ ਤੇ ਕਾਸ਼ਤ ਕੀਤੇ ਜਾਂਦੇ ਰਹੇ ਫਲਾਂ ਵਿਚੋਂ ਸਿਰਫ ਬਾਹਰਾਡੋਸ ਚੈਰੀ ਅਤੇ ਆਂਵਲੇ ਤੋਂ ਬਾਅਦ ਸਭ ਤੋਂ ਵੱਧ 'ਵਿਟਾਮਿਨ ਸੀ' ਅਮਰੂਦਾਂ ਵਿਚ ਪਾਇਆ ਜਾਂਦਾ ਹੈ । ਇਸ ਵਿਚ ਨਿੰਬੂ ਜਾਤੀ ਦੇ ਫਲਾਂ ਨਾਲੋਂ ਵੀ 2-5 ਗੁਣਾ ਅਤੇ ਟਮਾਟਰ ਨਾਲੋਂ 10 ਗੁਣਾ ਵੱਧ ਮਾਤਰਾ ਵਿਚ ਵਿਟਾਮਿਨ ਸੀ ਉਪਲਬਧ ਹੁੰਦਾ ਹੈ । ਇਸ ਤੋਂ ਇਲਾਵਾ ਇਹ ਕੈਲਸ਼ੀਅਮ, ਫਾਸਫੋਰਸ, ਲੋਹਾ, ਥਾਇਆਮਿਨ ਅਤੇ ਨੀਆਸਿਨ ਦਾ ਇਕ ਬਹੁਤ ਚੰਗਾ ਸਰੋਤ ਹੈ ।

ਅਮਰੂਦਾਂ ਵਿਚ ਬੀਮਾਰੀਆਂ ਨਾਲ ਲੜਨ ਵਾਲੇ ਐਂਟੀਆਕਸੀਡੈਂਟ ਭਰਪੂਰ ਮਾਤਰਾ ਵਿਚ ਹੁੰਦੇ ਹਨ ਅਤੇ ਇਹ ਉੱਪਰਲੇ ਬਲੱਡ ਪ੍ਰੈਸ਼ਰ (ਸਿਸਟੋਲਿਕ) ਨੂੰ ਘਟਾਉਣ ਵਿਚ ਮਦਦ ਕਰਦਾ ਹੈ । ਅਮਰੂਦ ਦਾ ਫਲ ਪੇਟ ਨਾਲ ਸੰਬੰਧਤ ਅਲਾਮਤਾਂ ਨੂੰ ਦੂਰ ਕਰਨ ਵਿਚ ਵੀ ਕਾਫੀ ਕਾਰਗਰ ਮੰਨਿਆ ਜਾਂਦਾ ਹੈ । ਅਮਰੂਦਾਂ ਦੇ ਖੁਰਾਕੀ ਮਹੱਤਵ ਦੀ ਗੱਲ ਕਰੀਏ ਤਾਂ ਇਹ ਸੇਬ ਨਾਲੋਂ ਵੀ ਵੱਧ ਫਾਇਦੇਮੰਦ ਹੈ ।

**ਅਮਰੂਦਾਂ ਦੀ ਕਾਸ਼ਤ ਕਰਨ ਦੇ ਫਾਇਦੇ**

ਅਮਰੂਦਾਂ ਦੀ ਕਾਸ਼ਤ ਬਹੁਤ ਸਾਰੀਆਂ ਕਿਸਮਾਂ ਦੀ ਮਿੱਟੀ ਅਤੇ ਪੌਣ-ਪਾਣੀ ਵਿਚ ਹੋ ਸਕਦੀ ਹੈ । ਇਹ ਫਲ ਜ਼ਮੀਨ ਅਤੇ ਪਾਣੀ ਵਿਚਲੇ ਮਾੜੇ ਤੱਤਾਂ ਨੂੰ ਵੀ ਕਾਫੀ ਹੱਦ ਤੱਕ ਸਹਿਣ ਕਰ ਲੈਂਦਾ ਹੈ ਅਤੇ ਕੁਝ ਜ਼ਰੂਰੀ ਜ਼ਮੀਨੀ ਸੁਧਾਰ ਕਰ ਕੇ ਅਮਰੂਦਾਂ ਦੇ ਬਾਗਾਂ ਨੂੰ ਅਜਿਹੀਆਂ ਜ਼ਮੀਨਾਂ ਵਿਚ ਪੂਰਾ ਕਾਮਯਾਬ ਕੀਤਾ ਜਾ ਸਕਦਾ ਹੈ । ਅਮਰੂਦ ਅਸਥਾਈ ਸੇਮ ਅਤੇ ਵਧੇਰੇ ਪਾਣੀ ਵਾਲੇ ਹਲਾਤਾਂ ਨੂੰ ਵੀ ਸਹਿਣ ਕਰਨ ਦੀ ਸਮਰੱਥਾ ਰੱਖਦਾ ਹੈ । ਜ਼ਿਆਦਾ ਗਰਮੀ ਅਤੇ ਜ਼ਿਆਦਾ ਸਰਦੀ ਵੀ ਇਸ ਫਲਦਾਰ ਬੂਟੇ 'ਤੇ ਕੋਈ ਖਾਸ ਬੁਰਾ ਅਸਰ ਨਹੀਂ ਪਾਉਂਦੀ । ਇਨ੍ਹਾਂ ਸਾਰੀਆਂ ਖੂਬੀਆਂ ਕਰ ਕੇ ਇਸ ਫਲ ਦੀ ਕਾਸ਼ਤ ਪੰਜਾਬ ਦੇ ਤਕਰੀਬਨ ਹਰੇਕ ਜ਼ਿਲ੍ਹੇ ਵਿਚ ਕੀਤੀ ਜਾ ਰਹੀ ਹੈ ਅਤੇ ਘਰੇਲੂ ਪੱਧਰ ਤੇ ਕਾਸ਼ਤ ਕਰਨ ਲਈ ਵੀ ਇਹ ਸਭ ਤੋਂ



ਢੁੱਕਵਾਂ ਫਲ ਮੰਨਿਆ ਜਾਂਦਾ ਹੈ ।

ਪੰਜਾਬ ਵਿਚ ਅਮਰੂਦਾਂ ਨੂੰ ਸਾਲ ਵਿਚ ਦੋ ਵਾਰ ਫਲ ਲੱਗਦਾ ਹੈ, ਪਹਿਲੀ ਬਰਸਾਤ ਰੁੱਤ ਅਤੇ ਦੂਜੀ ਸਰਦ ਰੁੱਤ ਵਿਚ । ਇਸ ਲਈ ਇਸ ਫਲ ਦੀ ਉਪਲਬਧਤਾ ਕਾਫੀ ਲੰਬੇ ਸਮੇਂ ਤੱਕ ਬਣੀ ਰਹਿੰਦੀ ਹੈ । ਬਾਗਾਂ ਦੀ ਸੁਚੱਜੀ ਸਾਂਭ-ਸੰਭਾਲ ਕਰਕੇ ਦੋਵੇਂ ਫਸਲਾਂ ਤੋਂ ਚੋਖਾ ਲਾਭ ਲਿਆ ਜਾ ਸਕਦਾ ਹੈ । ਜੇਕਰ ਕਿਸੇ ਕਾਰਨ ਅਮਰੂਦਾਂ ਦੀ ਇਕ ਫਸਲ ਤੋਂ ਮੁਨਾਫਾ ਘਟ ਜਾਵੇ ਤਾਂ ਦੂਜੀ ਫਸਲ ਇਸ ਘਾਟੇ ਨੂੰ ਉਸੇ ਸਾਲ ਦੌਰਾਨ ਹੀ ਪੂਰਾ ਕਰ ਦਿੰਦੀ ਹੈ ।

ਅਮਰੂਦਾਂ ਦੀ ਜ਼ਿਆਦਾਤਰ ਖਪਤ ਤਾਜ਼ੇ ਫਲਾਂ ਦੇ ਤੌਰ 'ਤੇ ਹੀ ਕੀਤੀ ਜਾਂਦੀ ਹੈ ਪਰ ਇਸ ਤੋਂ ਅਨੇਕਾਂ ਤਰ੍ਹਾਂ ਦੇ ਪ੍ਰੋਸੈਸਡ ਪਦਾਰਥ ਬਣਾਏ ਜਾ ਸਕਦੇ ਹਨ । ਜਿਵੇਂ ਕਿ ਸਕੁਐਸ਼, ਨੈਕਟਰ, ਜੈਮ, ਜੈਲੀ, ਪਾਊਡਰ, ਬਰਫੀ ਅਤੇ ਯੋਗਰਟ ਵੀ ਬਣਾਏ ਜਾ ਸਕਦੇ ਹਨ । ਇਨ੍ਹਾਂ ਪਦਾਰਥਾਂ ਦੀ ਵਿਕਰੀ ਤੋਂ ਹੋਰ ਮੁਨਾਫਾ ਕਮਾਇਆ ਜਾ ਸਕਦਾ ਹੈ । ਅਮਰੂਦਾਂ ਦੀ ਪ੍ਰੋਸੈਸਿੰਗ ਕਰਨ ਲਈ ਛੋਟੇ ਪੱਧਰ ਦੀਆਂ ਇਕਾਈਆਂ ਲਗਾ ਕੇ ਰੋਜ਼ਗਾਰ ਦੇ ਮੌਕੇ ਵੀ ਪ੍ਰਦਾਨ ਕੀਤੇ ਜਾ ਸਕਦੇ ਹਨ ।

ਅਮਰੂਦਾਂ ਦੇ ਬੂਟਿਆਂ ਨੂੰ ਹੋਰ ਫਲਦਾਰ ਬੂਟਿਆਂ ਦੇ ਮੁਕਾਬਲੇ ਕੀੜੇ-ਮਕੌੜੇ ਅਤੇ ਬੀਮਾਰੀਆਂ ਬਹੁਤ ਘੱਟ ਲਗਦੀਆਂ ਹਨ । ਇਸ ਨੂੰ ਮੁੱਖ ਤੌਰ 'ਤੇ ਸਿਰਫ ਇਕ ਕੀੜੇ 'ਫਲ ਦੀ ਮੱਖੀ' ਦੇ ਹਮਲੇ ਅਤੇ ਇਕ ਬਿਮਾਰੀ 'ਮੁਰਝਾਉਣ ਤੇ ਰੋਗ' (ਵਿਲਠ) ਸਾਹਮਣਾ ਕਰਨਾ ਪੈਂਦਾ ਹੈ ।

ਫਲ ਦੀ ਮੱਖੀ ਦੇ ਹਮਲੇ ਦੀ ਰੋਕਥਾਮ ਲਈ ਪੀ.ਏ.ਯੂ. ਫਰੂਟ ਫਲਾਈ ਟਰੈਪ ਅਤੇ ਨਾਨ-ਵੂਵਨ ਲਿਫਾਫਿਆਂ ਦੀ ਵਰਤੋਂ ਦੀ ਤਕਨੀਕ ਵਿਕਸਤ ਕੀਤੀ ਗਈ ਹੈ, ਜਿਸ ਨੂੰ ਬਾਗਬਾਨ ਵੱਡੀ ਪੱਧਰ ਤੇ ਅਪਣਾ ਰਹੇ ਹਨ । ਚੰਗੀ ਦੇਖਭਾਲ ਵਾਲੇ ਬਾਗ 2-3 ਸਾਲਾਂ ਵਿਚ ਹੀ ਚੰਗਾ ਝਾੜ ਦੇਣਾ ਸ਼ੁਰੂ ਕਰ ਦਿੰਦੇ ਹਨ ਅਤੇ ਇਸ ਦੇ ਬਾਗਾਂ ਵਿਚ ਅੰਤਰ-ਫਸਲਾਂ ਦੀ ਬਿਜਾਈ ਕਰ ਕੇ ਪਹਿਲੇ 3-4 ਸਾਲ ਆਮਦਨ ਬਰਕਰਾਰ ਰੱਖ ਜਾ ਸਕਦੀ ਹੈ । ਅਮਰੂਦ ਦੇ ਇਨ੍ਹਾਂ ਸਾਰੇ ਗੁਣਾਂ ਨੂੰ ਧਿਆਨ ਵਿਚ ਰੱਖਦੇ ਹੋਏ, ਆਮ ਲੋਕਾਂ ਨੂੰ ਵੀ ਅਪੀਲ ਹੈ ਕਿ ਉਹ ਚੰਗੀ ਸਿਹਤ ਲਈ ਇਸ ਫਲ ਦਾ ਵੱਧ ਤੋਂ ਵੱਧ ਸੇਵਨ ਕਰਨ ਅਤੇ ਲੋੜੀਂਦੇ ਖੁਰਾਕੀ ਤੱਤ ਹਾਸਲ ਕਰਨ ।

**- ਹਰਜੀਤ ਸਿੰਘ ਸੋਹੀ, ਬਰਨਾਲਾ**

# ਜ਼ਿਮੀਂਦਾਰ ਕਿਸਾਨ ਪਰਿਵਾਰ ਵੀ ਪਾਲ ਰਹੇ ਨੇ ਬੱਕਰੀਆਂ

**★ ਸਹਾਇਕ ਧੰਦੇ ਵਜੋਂ ਲਾਭ ਲੈਣ ਲਈ ਕਿਸਾਨ ਕਰ ਰਹੇ ਉੱਦਮ**

**★ ਪੰਜਾਬ ਵਿੱਚ ਵਧੀ ਬੱਕਰੀਆਂ ਦੀ ਗਿਣਤੀ ਨਾਲ ਹੋ ਰਿਹਾ ਮੁਨਾਫਾ**

ਪੰਜਾਬ ਵਿੱਚ ਪਿਛਲੇ ਕੁਝ ਸਾਲਾਂ ਅੰਦਰ ਬੱਕਰੀਆਂ ਪਾਲਣ ਦਾ ਰੁਝਾਨ ਵਧਿਆ ਹੈ । ਇਸ ਦੇ ਨਾਲ ਹੋਏ ਸਰਵੇ ਦੌਰਾਨ ਬੱਕਰੀਆਂ ਦੀ ਗਿਣਤੀ ਵੀ ਵਧੀ ਹੈ, ਕਿਉਂਕਿ ਆਜੜੀਆਂ ਤੋਂ ਬਾਅਦ ਹੁਣ ਜ਼ਿਮੀਂਦਾਰ ਕਿਸਾਨ ਪਰਿਵਾਰ ਵੀ ਛੋਟੇ-ਛੋਟੇ ਫਾਰਮ ਪਾ ਕੇ ਘਰਾਂ ਵਿੱਚ ਬੱਕਰੀਆਂ ਪਾਲ ਰਹੇ ਹਨ । ਬੱਕਰੀਆਂ ਚਰਾਉਣ ਦਾ ਕੰਮ ਕਰਦੇ ਆਜੜੀਆਂ ਕੋਲ ਵੀ ਜ਼ਿਆਦਾ ਗਿਣਤੀ ਵਿੱਚ ਬੱਕਰੀਆਂ ਨਹੀਂ ਹਨ, ਪਰ ਜੋ ਘਰਾਂ ਵਿੱਚ ਬੱਕਰੀਆਂ ਜ਼ਿਆਦਾ ਹਨ । ਵੱਡੇ ਪੱਧਰ 'ਤੇ ਪੰਜਾਬ ਵਿੱਚ ਬੱਕਰੀਆਂ ਦੀ ਗਿਣਤੀ ਵਧਾਉਣ ਦੀ ਗੱਲ ਸਾਹਮਣੇ ਆ ਰਹੀ ਹੈ । ਜ਼ਿਮੀਂਦਾਰ ਨੌਜਵਾਨ ਬੱਕਰੀ ਪਾਲਣ ਨੂੰ ਸਹਾਇਕ ਧੰਦੇ ਵਜੋਂ ਤੇ ਟ੍ਰੇਨਿੰਗ ਲੈ ਕੇ ਪੜ੍ਹੇ-ਲਿਖੇ ਤਰੀਕੇ ਨਾਲ ਬੱਕਰੀ ਪਾਲਣ ਦਾ ਧੰਦਾ ਕਰ ਰਹੇ ਹਨ ।

ਪਿੰਡ ਨੰਗਲ ਖੁਰਦ ਦੇ ਰਹਿਣ ਵਾਲੇ ਆਜੜੀ ਮੇਜਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਕੋਲ ਬੱਕਰੀਆਂ ਅਤੇ ਭੇਡਾਂ ਦੀ 90 ਦੇ ਕਰੀਬ ਗਿਣਤੀ ਹੈ ਅਤੇ ਉਹ ਬਚਪਨ ਤੋਂ ਹੀ ਬੱਕਰੀ ਪਾਲਣ ਦਾ ਕੰਮ ਕਰ ਰਹੇ ਹਨ । ਉਹ ਬੱਕਰੀਆਂ ਨੂੰ ਚਰਾਉਣ ਲਈ ਹਰ ਰੋਜ਼ ਖੇਤਾਂ ਵਿੱਚ ਜਾਂਦੇ ਹਨ । ਉਨ੍ਹਾਂ ਦੱਸਿਆ ਕਿ ਬੱਕਰੀਆਂ ਨੂੰ ਬਿਮਾਰੀ ਬਹੁਤ ਘੱਟ ਲੱਗਦੀ ਹੈ ਅਤੇ ਇਸ ਦਾ ਦੁੱਧ ਵੀ ਸਿਹਤ ਲਈ ਬਹੁਤ ਲਾਹੇਵੰਦ ਹੁੰਦਾ ਹੈ । ਉਨ੍ਹਾਂ ਕਿਹਾ ਕਿ ਸਾਡੇ ਕੋਲ ਬੱਕਰੀਆਂ ਵਿੱਚ ਕੋਈ ਜ਼ਿਆਦਾ ਵਾਧਾ ਨਹੀਂ ਹੋਇਆ ਹੈ ਅਤੇ ਬੱਕਰੀਆਂ ਤੇ ਭੇਡਾਂ ਦੀ ਗਿਣਤੀ ਤਕਰੀਬਨ 20 ਸਾਲਾਂ



ਤੋਂ ਇੱਕੋ ਜਿਹੀ ਹੈ । ਜਿੰਨੀਆਂ ਵਧਦੀਆਂ ਹਨ, ਓਨੀਆਂ ਹੀ ਵਿੱਕ ਜਾਂਦੀਆਂ ਹਨ ।

ਉਨ੍ਹਾਂ ਦੱਸਿਆ ਕਿ ਜ਼ਿਆਦਾ ਦੁੱਧ ਬੱਕਰੀ ਦੇ ਬੱਚਿਆਂ ਲਈ ਹੀ ਛੱਡਿਆ ਜਾਂਦਾ ਹੈ । ਬੱਕਰੀ ਫਾਰਮ ਦਾ ਕੰਮ ਕਰਨ ਵਾਲੇ ਵੱਡੇ ਭੱਮੇ ਦੇ ਰਹਿਣ ਵਾਲੇ ਕਿਸਾਨ ਬਲਵਿੰਦਰ ਸਿੰਘ ਬਿੰਦਰ ਨੇ ਦੱਸਿਆ ਕਿ ਉਸ ਕੋਲ 20 ਬੱਕਰੀਆਂ ਹਨ । ਉਨ੍ਹਾਂ ਨੇ ਪੰਜ ਬੱਕਰੀਆਂ ਤੋਂ ਇਸ ਕੰਮ ਦੀ ਸ਼ੁਰੂਆਤ ਕੀਤੀ ਸੀ । ਉਹ ਪਿਛਲੇ ਤਿੰਨ ਸਾਲ ਤੋਂ ਇਹ ਕੰਮ ਕਰ ਰਹੇ ਹਨ । ਉਨ੍ਹਾਂ ਦੱਸਿਆ ਕਿ ਪਹਿਲਾਂ ਸਾਡੇ ਕੋਲ ਮੱਝਾਂ ਹੀ ਸਨ । ਫਿਰ ਅਸੀਂ ਨਾਲ-ਨਾਲ ਬੱਕਰੀ ਪਾਲਣ ਦਾ ਕੰਮ ਸ਼ੁਰੂ ਕਰ ਦਿੱਤਾ । ਮਾਲੋਕਾ ਫੱਤਾ ਮੰਡੀ ਵਿੱਚ ਬੱਕਰੀਆਂ ਵੇਚਦੇ ਹਾਂ ਤੇ ਚੰਗਾ ਮੁਨਾਫਾ ਮਿਲ ਜਾਂਦਾ ਹੈ । ਉਨ੍ਹਾਂ ਦੱਸਿਆ ਕਿ ਅਸੀਂ ਪੰਜ ਬੱਕਰੀਆਂ ਤੁੰਗਵਾਲੀ ਮੰਡੀ ਤੋਂ ਲਿਆਂਦੀਆਂ ਸਨ । ਹੁਣ ਸਾਡੀਆਂ ਬੱਕਰੀਆਂ ਖਰੀਦਣ ਵਾਲੇ ਲੋਕ ਘਰੋਂ ਹੀ ਲੈ ਜਾਂਦੇ ਹਨ ।

ਪਿੰਡ ਗੇਹਲੇ ਦੇ ਰਹਿਣ ਵਾਲੇ ਸਿਕੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੇ ਬੱਕਰੀ ਪਾਲਣ ਦੀ ਸਿਖਲਾਈ ਲੈਣ ਤੋਂ ਬਾਅਦ ਹੀ ਬੱਕਰੀਆਂ ਘਰ ਵਿੱਚ ਰੱਖੀਆਂ ਹਨ । ਉਨ੍ਹਾਂ ਦੱਸਿਆ ਕਿ ਉਹ ਖੇਤੀ ਦੇ ਨਾਲ-ਨਾਲ ਬੱਕਰੀਆਂ ਪਾਲਣ ਦਾ ਕੰਮ ਵੀ ਕਰਦੇ ਹਨ ਅਤੇ ਇਹ ਲਾਹੇਵੰਦ ਕੰਮ ਹੈ । ਦੋ ਬੱਕਰੀਆਂ ਲਿਆਂਦੀਆਂ ਸੀ ਅਤੇ ਹੁਣ ਇਨ੍ਹਾਂ ਦੀ ਸੰਖਿਆ ਛੇ ਹੋ ਗਈ ਹੈ । ਸਿਕੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਆਪਣੇ ਘਰ ਦੋ ਨਸਲ ਦੀਆਂ ਬੱਕਰੀਆਂ ਰੱਖੀਆਂ ਹਨ, ਜਿਨ੍ਹਾਂ ਵਿੱਚ ਬੀਟਲ ਤੇ ਬਰਬਰੀ ਹਨ । ਜ਼ਿਆਦਾਤਰ ਘਰਾਂ ਵਿੱਚ ਲੋਕ ਇਹੀ ਦੋ ਨਸਲ ਦੀਆਂ ਬੱਕਰੀਆਂ ਰੱਖਦੇ ਹਨ । ਟ੍ਰੇਨਿੰਗ ਵਿੱਚ ਸਿਖਾਇਆ ਗਿਆ ਸੀ ਕਿ ਬੱਕਰੀ ਦੀ ਜਿੰਨੀ ਸਾਫ਼-ਸਫ਼ਾਈ ਰਹੇਗੀ, ਉਨ੍ਹੀ ਹੀ ਬੱਕਰੀ ਤੰਦਰੁਸਤ ਰਹੇਗੀ ।

ਉਨ੍ਹਾਂ ਕਿਹਾ ਕਿ ਕੋਈ ਵੀ ਜ਼ਿਮੀਂਦਾਰ ਸਹਾਇਕ ਧੰਦੇ ਵਜੋਂ ਬੱਕਰੀਆਂ ਰੱਖ ਸਕਦਾ ਹੈ । ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਮੌਜੂਦਾ ਸਮੇਂ ਸੂਬੇ ਵਿੱਚ 4.47 ਲੱਖ ਬੱਕਰੀਆਂ ਦਾ ਅੰਕੜਾ ਸਾਹਮਣੇ ਆਇਆ ਹੈ, ਜਦੋਂ ਕਿ ਸਾਲ 2019 ਵਿੱਚ 3.47 ਲੱਖ ਬੱਕਰੀਆਂ ਸਨ ।

### ਬੱਕਰੀ ਪਾਲਣ ਲਈ ਕਿਸੇ ਵੱਖਰੀ ਖੁਰਾਕ ਦੀ ਲੋੜ ਨਹੀਂ

ਡਿਪਟੀ ਡਾਇਰੈਕਟਰ ਡਾ. ਰਵੀਕਾਂਤ ਨੇ ਸੰਪਰਕ ਕਰਨ 'ਤੇ ਦੱਸਿਆ ਕਿ ਪਿੰਡਾਂ ਵਿੱਚ ਕਿਸਾਨ ਪਰਿਵਾਰ ਵੱਲੋਂ ਦੁਧਾਰੂ ਪਸ਼ੂਆਂ ਦੇ ਨਾਲ-ਨਾਲ ਬੱਕਰੀਆਂ ਨੂੰ ਵੀ ਪਾਲਣ ਦੀ ਰਵਾਇਤ ਚੱਲਦੀ ਹੈ । ਇੱਕ ਤਾਂ ਬੱਕਰੀ ਪਾਲਣ 'ਤੇ ਖਰਚਾ ਘੱਟ ਆਉਂਦਾ ਹੈ ਅਤੇ ਸਾਲ ਵਿੱਚ ਦੋ ਵਾਰ ਬੱਚੇ ਦੇਣ ਨਾਲ ਇਨ੍ਹਾਂ ਦੀ ਸੰਖਿਆ ਵੱਧਦੀ ਹੈ । ਇਨ੍ਹਾਂ ਨੂੰ ਸਹਾਇਕ ਧੰਦੇ ਦੇ ਰੂਪ ਵਿੱਚ ਅਪਣਾਉਣ 'ਤੇ ਕੋਈ ਵੱਖਰੀ ਖੁਰਾਕ ਅਤੇ ਸਾਂਭ-ਸੰਭਾਲ ਦਾ ਖਰਚਾ ਨਹੀਂ ਕਰਨਾ ਪੈਂਦਾ । ਇਸ ਤਰ੍ਹਾਂ ਇਹ ਇੱਕ ਚੋਖੇ ਮੁਨਾਫੇ ਵਾਲਾ ਧੰਦਾ ਹੈ । ਕੈਬਨਿਟ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਅਤੇ ਪ੍ਰਮੁੱਖ ਸਕੱਤਰ ਰਾਹੁਲ ਭੰਡਾਰੀ ਪਸ਼ੂ-ਪਾਲਣ, ਮੱਛੀ ਪਾਲਣ ਅਤੇ ਡੇਅਰੀ ਵਿਕਾਸ ਵਿਭਾਗ ਦੀ ਅਗਵਾਈ ਵਿੱਚ ਕਿਸਾਨਾਂ ਦੀ ਆਮਦਨ ਵਿੱਚ ਵਾਧਾ ਕਰਨ ਦੇ ਮਕਸਦ ਨਾਲ ਧੰਦੇ ਨੂੰ ਵਪਾਰਕ ਪੱਧਰ 'ਤੇ ਅਪਨਾਉਣ ਲਈ ਪਹਿਲਾਂ ਹੀ ਯਤਨਸ਼ੀਲ ਹੈ ।

# ਗੁੜ ਉਤਪਾਦਨ ਨੂੰ ਬਣਾਓ ਮੁੱਖ ਸਹਾਇਕ ਕਿੱਤਾ

ਡਾ. ਅਮਰੀਕ ਸਿੰਘ, ਖੇਤੀਬਾੜੀ ਅਫਸਰ,
ਐਮ ਐਸ ਸੀ (ਗੰਨਾ ਤਕਨੀਕ) (ਮੋ. 94630-71919)

ਗਰਮਾ ਗਰਮ ਗੁੜ ਅਤੇ ਸ਼ੱਕਰ ਖਾਣ ਨੂੰ ਕਿਸ ਦਾ ਜੀਅ ਨਹੀਂ ਕਰਦਾ, ਪਿਛਲੇ ਕੁਝ ਸਮੇਂ ਤੋਂ ਪੰਜਾਬ ਵਿਚ ਗੁੜ ਦੀ ਖਪਤ ਵਧਣ ਕਾਰਨ ਕਿਸਾਨਾਂ ਦੁਆਰਾ ਗੁੜ, ਸ਼ੱਕਰ ਬਣਾ ਕੇ ਵੇਚਣ ਦਾ ਰੁਝਾਨ ਵਧਿਆ ਹੈ। ਗੁੜ ਜਾਂ ਸ਼ੱਕਰ, ਗੰਨੇ ਦੇ ਰਸ ਨੂੰ ਖੁੱਲ੍ਹੇ ਕੜਾਹੇ ਵਿਚ ਗਰਮ ਕਰਕੇ ਬਚੇ ਠੋਸ ਪਦਾਰਥ ਨੂੰ ਕਹਿੰਦੇ ਹਨ। ਗੁੜ ਵਿਚ ਮੁੱਖ ਤੌਰ 'ਤੇ 60-85% ਸੁਕਰੋਜ, 5015% ਗਲੂਕੋਜ ਅਤੇ ਫਰੱਕਟੋਜ ਹੁੰਦਾ ਹੈ, ਇਸ ਦੇ ਨਾਲ ਹੀ 1% ਪ੍ਰੋਟੀਨ, 0.1 ਗ੍ਰਾਮ ਫੈਟ, 8 ਮਿ.ਗ੍ਰਾ. ਕੈਲਸ਼ੀਅਮ, 4 ਮਿਲੀਗ੍ਰਾਮ ਫਾਸਫੋਰਸ ਅਤੇ 11 ਮਿ. ਗ੍ਰਾ. ਲੋਹਾ ਮੌਜੂਦ ਹੁੰਦਾ ਹੈ। 100 ਗ੍ਰਾਮ ਗੁੜ ਤੋਂ ਤਕਰੀਬਨ 383 ਕਿਲੋ ਕੈਲਰੀ ਐਨਰਜੀ ਮਿਲ ਜਾਂਦੀ ਹੈ। ਜਦਕਿ ਖੰਡ ਵਿਚ 99.5% ਸੁਕਰੋਜ ਹੁੰਦੀ ਹੈ ਅਤੇ ਕੋਈ ਖਣਿਜ ਖਦਾਰਥ ਮੌਜੂਦ ਨਹੀਂ ਹੁੰਦੇ। ਮਿਆਰੀ ਗੁੜ ਦੀਆਂ ਵਿਸ਼ੇਸ਼ਤਾਵਾਂ ਵਿਚ ਹਲਕਾ ਰੰਗ, ਸਖਤਪਣ, ਚੰਗਾ ਰਵੇਦਾਰ, ਸੁਆਦ 'ਚ ਮਿੱਠਾ, ਸੁਗੰਧੀਦਾਰ ਅਤੇ ਲੰਬੇ ਸਮੇਂ ਤੱਕ ਸਾਂਭਣਯੋਗ ਆਦਿ ਦੇ ਗੁਣ ਹੋਣੇ ਬਹੁਤ ਜ਼ਰੂਰੀ ਹਨ। ਗੁੜ 'ਚ ਸੌਂਫ, ਸੁੰਢ, ਮੂੰਗਫਲੀ, ਬਦਾਮ, ਕਾਜੂ ਤੇ ਤਿਲ ਪਾ ਕੇ ਹੋਰ ਵੀ ਸੁਆਦੀ ਬਣਾਇਆ ਜਾ ਸਕਦਾ ਹੈ।

### ਲਾਭਕਾਰੀ ਹੈ ਕਿੱਤਾ

ਪੰਜਾਬ ਦੇ ਉੱਦਮੀ ਕਿਸਾਨਾਂ ਵੱਲੋਂ ਵੱਡੇ ਪੱਧਰ 'ਤੇ ਗੁੜ ਤੇ ਸ਼ੱਕਰ ਬਣਾ ਕੇ ਵੇਚਣ ਦਾ ਰੁਝਾਨ ਕਾਫੀ ਵੱਧ ਗਿਆ ਹੈ। ਇਸ ਤਰ੍ਹਾਂ ਕਿਸਾਨਾਂ ਨੂੰ ਖੰਡ ਮਿੱਲਾਂ ਵਿਚ ਗੰਨਾ ਵੇਚਣ ਦੀ ਵਧੇਰੇ ਫਾਇਦਾ ਨਜ਼ਰ ਆਉਣ ਲੱਗਾ ਹੈ। ਪ੍ਰਚੂਣ ਵਿਚ ਇਕ ਕਿਲੋ ਗੁੜ ਦੀ ਕੀਮਤ 50/- ਅਤੇ ਸ਼ੱਕਰ 60/- ਪ੍ਰਤੀ ਕਿਲੋ ਵਿਕਣ ਨਾਲ ਇਕ ਏਕੜ ਫਸਲ ਵਿੱਚੋਂ ਤਕਰੀਬਨ ਇਕ ਲੱਖ 30 ਹਜ਼ਾਰ ਵਟਕ ਹੋ ਜਾਂਦੀ ਹੈ ਜਦਕਿ ਗੰਨਾ ਮਿੱਲ ਵਿਚ ਗੰਨਾ ਵੇਚਣ ਨਾਲ ਤਕਰੀਬਨ ਅੱਸੀ ਹਜ਼ਾਰ ਵਟਕ ਹੁੰਦੀ ਹੈ। ਪਸ਼ੂਆਂ ਨੂੰ ਚਾਰਾ ਮਿਲ ਜਾਂਦਾ ਹੈ ਤੇ ਰੁਜ਼ਗਾਰ ਵੀ ਪੈਦਾ ਹੁੰਦਾ ਹੈ। ਮੁੱਖ ਸੜਕਾਂ ਉੱਪਰ ਕਲਾੜੀ ਦੇ ਨਾਲ ਨਵੀਨਤਮ ਜੂਸ ਕੱਢਣ ਵਾਲੀਆਂ ਮਸ਼ੀਨਾਂ ਲਗਾ ਕੇ ਗੰਨੇ ਦਾ ਤਾਜ਼ਾ ਰਸ ਨਿੰਬੂ, ਅਦਰਕ ਅਤੇ ਪੁਦੀਨਾ ਪਾ ਕੇ 10-20 ਰੁਪਏ ਪ੍ਰਤੀ ਗਲਾਸ ਵੇਚ ਕੇ ਕਿਸਾਨ ਵਧੇਰੇ ਆਮਦਨ ਕਮਾ ਸਕਦੇ ਹਨ। ਮੌਜੂਦਾ ਸਮੇਂ 'ਚ ਬਹੁਤਾ ਗੁੜ ਰਸਾਇਣਕ ਖਾਦਾਂ, ਕੀਟਨਾਸ਼ਕਾਂ ਨੂੰ ਵਰਤ ਕੇ ਤਿਆਰ ਕੀਤੇ ਗੰਨੇ ਦੇ ਰਸ ਤੋਂ ਤਿਆਰ ਕੀਤਾ ਜਾਂਦਾ ਹੈ। ਆਮ ਕਰਕੇ ਗੁੜ ਤਿਆਰ ਕਰਨ ਲੱਗਿਆਂ ਰਸ ਵਿੱਚੋਂ ਮੈਲ ਉਤਾਰਣ ਲਈ ਰਸਾਇਣਕ ਸਫਾਈ ਕਾਰਕ ਮਿੱਠਾ ਸੋਢਾ ਵਰਤਿਆ ਜਾਂਦਾ ਹੈ, ਜੋ ਸਿਹਤ ਲਈ ਹਾਨੀਕਾਰਕ ਹੈ। ਕਈ ਵਾਰ ਜੇਕਰ ਮਿੱਠੇ ਸੋਢੇ ਨੂੰ ਜ਼ਿਆਦਾ ਮਾਤਰਾ ਵਿਚ ਵਰਤਿਆ ਜਾਂਦਾ ਹੈ ਤਾਂ ਗੁੜ ਵਿਚ ਸਲਫਰ ਡਾਈਆਕਸਾਈਡ ਦੀ ਮਾਤਰਾ ਵੀ ਵੱਧ ਜਾਂਦੀ ਹੈ ਤੇ ਗੁੜ ਖਟਾਸ ਮਾਰਦਾ ਹੈ। ਇਹ ਗੁੜ, ਚਾਹ ਬਣਾਉਣ ਲਈ ਵਰਤੀਏ ਤਾਂ ਚਾਹ ਫੁੱਟ ਜਾਂਦੀ ਹੈ। ਪਰ ਆਮ ਕਰਕੇ ਸੜਕਾਂ ਕਿਨਾਰੇ ਕਿਸਾਨ ਗੁੜ ਬਣਾਉਣ ਵਾਲੀਆਂ ਜਗ੍ਹਾਂ 'ਤੇ ਸ਼ੁੱਧ ਦੇਸੀ ਗੁੜ ਦੇ ਵੱਡੇ-ਵੱਡੇ ਬੋਰਡ ਲਾ ਕੇ ਗਾਹਕਾਂ ਨੂੰ ਆਕਰਸ਼ਿਤ ਕਰਦੇ ਹਨ। ਜਦ ਉਨ੍ਹਾਂ ਨੂੰ ਦੇਸੀ ਗੁੜ ਬਣਾਉਣ ਦੇ ਤਰੀਕੇ ਬਾਰੇ ਪੁੱਛਿਆ ਜਾਵੇ ਤਾਂ ਕਹਿਣਗੇ ਕਿ ਮੈਲ ਉਤਾਰਣ ਲਈ ਜੈਵਿਕ ਸਫਾਈ ਕਾਰਕਾਂ ਦੀ ਜਗ੍ਹਾ ਮਿੱਠਾ ਸੋਢਾ ਵਰਤਿਆ ਗਿਆ ਹੈ।



### ਕੀ ਹੁੰਦਾ ਹੈ ਦੇਸੀ ਗੁੜ

ਦੇਸੀ ਗੁੜ, ਦੇਸੀ ਤਰੀਕੇ ਵਰਤ ਕੇ ਤਿਆਰ ਕੀਤੀ ਗੰਨੇ ਦੀ ਫਸਲ ਤੋਂ ਕੱਢੇ ਰਸ ਨੂੰ ਗਰਮ ਕਰਕੇ ਦੇਸੀ ਸਫਾਈ ਕਾਰਕਾਂ ਨਾਲ ਸਾਫ ਕਰਕੇ ਤਿਆਰ ਕੀਤਾ ਜਾਂਦਾ ਹੈ। ਜੈਵਿਕ (ਦੇਸੀ) ਗੁੜ ਬਣਾਉਣ ਸਮੇਂ ਮੈਲ ਉਤਾਰਨ ਲਈ ਜੈਵਿਕ ਪਦਾਰਥਾਂ (ਭਿੰਡੀ ਤੋਰੀ, ਸੁਖਲੋਈ, ਸੋਇਆਬੀਨ ਦਾ ਆਟਾ, ਮੂੰਗਫਲੀ ਦਾ ਦੁੱਧ) ਆਦਿ ਦੀ ਵਰਤੋਂ ਨੂੰ ਤਰਜੀਹ ਦੇਣੀ ਚਾਹੀਦੀ ਹੈ। ਖਪਤਕਾਰਾਂ ਵਿਚ ਸਿਹਤ ਪੱਖੋਂ ਜਾਗਰੂਕਤਾ ਵਧਣ ਕਾਰਨ ਜੈਵਿਕ ਤਰੀਕਿਆਂ ਤਿਆਰ ਗੁੜ ਦੀ ਮੰਗ ਵਧਣ ਲੱਗ ਪਈ ਹੈ, ਡਾਕਟਰ ਵੀ ਸਲਾਹ ਦਿੰਦੇ ਹਨ ਕਿ ਖੰਡ ਖਾਣ ਨਾਲੋਂ ਜੈਵਿਕ (ਦੇਸੀ) ਗੁੜ ਤੇ ਸ਼ੱਕਰ ਖਾਣਾ ਵਧੇਰੇ ਲਾਭਦਾਇਕ ਹੈ। ਸੋ ਜੇ ਭਰੋਸੇਯੋਗਤਾ ਬਣਾਉਣੀ ਹੈ ਤਾਂ ਖਪਤਕਾਰ ਨੂੰ ਉਹੀ ਕੁਝ ਦੇਣਾ ਪਵੇਗਾ ਜਿਸ ਦਾ ਅਸੀਂ ਦਾਅਵਾ ਕਰਦੇ ਹਾਂ। ਗੁੜ ਤੇ ਸ਼ੱਕਰ ਬਣਾਉਣ ਵਿਚ ਗੰਨੇ ਦਾ ਰਸ ਕੱਢਣਾ, ਮੈਲ ਉਤਾਰਨਾ, ਕਾੜਨਾ, ਠੰਡਾ ਕਰਨਾ ਅਤੇ ਭੇਲੀ ਬਣਾਉਣਾ ਆਦਿ ਮੁੱਖ ਪੜਾਅ ਹਨ। ਗੰਨਿਆਂ ਵਿੱਚੋਂ ਰਸ ਕੱਢਣ ਲਈ ਚੰਗੀ ਕਿਸਮ ਦਾ ਵੇਲਣਾ ਵਰਤਣਾ ਚਾਹੀਦਾ ਹੈ, ਜੋ ਘੱਟੋ-ਘੱਟ 60% ਰਸ ਕੱਢਣ ਦੇ ਯੋਗ ਹੋਵੇ। ਜੈਵਿਕ ਗੁੜ ਤਿਆਰ ਕਰਨ ਲਈ ਵਰਤੀ ਜਾਣ ਵਾਲੀ ਫਸਲ ਜੈਵਿਕ ਤਕਨੀਕਾਂ ਵਰਤ ਕੇ ਤਿਆਰ ਕੀਤੀ ਹੋਣੀ ਚਾਹੀਦੀ ਹੈ। ਗੰਨੇ ਦੀ ਫਸਲ ਨੂੰ ਨਾਈਟ੍ਰੋਜਨ ਜੈਵਿਕ ਸੋਮਿਆਂ ਤੋਂ ਉਪਲਬਧ ਕਰਵਾਉਣੀ ਚਾਹੀਦੀ ਹੈ। ਫਸਲ ਨੂੰ ਫਾਸਫੋਰਸ ਖਾਦਾਂ ਦੀ ਵਰਤੋਂ ਮਿੱਟੀ ਪਰਖ ਦੀ ਰਿਪੋਰਟ ਮੁਤਾਬਕ ਵਰਤਣੀ ਚਾਹੀਦੀ ਹੈ, ਜ਼ਮੀਨ ਵਿਚ ਫਾਸਫੋਰਸ ਦੀ ਘਾਟ ਹੈ ਤਾਂ ਸਿਫਾਰਿਸ਼ ਕੀਤੀ ਮਾਤਰਾ ਬਿਜਾਈ ਵੇਲੇ ਪਾਉਣੀ ਚਾਹੀਦੀ ਹੈ ਕਿਉਂਕਿ ਫਾਸਫੋਰਸ, ਗੰਨੇ ਦੇ ਰਸ ਦਾ ਮਿਆਰੀਪਣ ਵਧਾਉਣ 'ਤੇ ਫਸਲ ਦੀ ਅਗੇਤੀ ਪਕਾਈ ਵਿਚ ਮਦਦ ਕਰਦੀ ਹੈ। ਗੁੜ ਬਣਾਉਣ ਵਾਲੇ ਕੜਾਹ ਨੂੰ ਗੁੜ ਬਣਾਉਂਦੇ ਸਮੇਂ ਉਪਰੋਂ ਜਾਲੀਦਾਰ ਢੱਕਣੇ ਨਾਲ ਢੱਕ ਕੇ ਰੱਖਣਾ ਚਾਹੀਦਾ ਤਾਂ ਜੋ ਧੂੰਏਂ ਤੋਂ ਨਿਕਲਦੇ ਸੁਆਹ ਦੇ ਕਣ, ਮੱਖੀ, ਮੱਛਰ ਆਦਿ ਗਰਮ ਕੀਤੇ ਜਾ ਰਹੇ ਰਸ ਵਿਚ ਨਾ ਪੈ ਸਕੇ।

ਮੈਲ ਉਤਾਰਨ ਬਾਅਦ ਜਦ ਸਾਫ ਜੂਸ ਉਬਲਣਾ ਸ਼ੁਰੂ ਹੋ ਜਾਵੇ ਤਾਂ ਜੈਵਿਕ ਸਫਾਈ ਕਾਰਕ ਵਰਤ ਕੇ ਜੂਸ ਨੂੰ ਸਾਫ ਕਰਨਾ ਚਾਹੀਦਾ ਹੈ। ਇਸ ਮਕਸਦ ਵਾਸਤੇ ਸੁਖਲੋਈ ਨਾਂ ਦੀ ਬੂਟੀ, ਭਿੰਡੀ ਤੋਰੀ ਦਾ ਤਣਾ ਅਤੇ ਜੜ੍ਹਾ ਵਰਤੀਆਂ ਜਾ ਸਕਦੀਆਂ ਹਨ। ਇਸ ਤੋਂ ਇਲਾਵਾ ਮੂੰਗਫਲੀ ਤੋਂ ਤਿਆਰ ਦੁੱਧ ਅਤੇ ਸੋਇਆਬੀਨ ਦਾ ਆਟਾ ਵੀ ਵਰਤਿਆ ਜਾ ਸਕਦਾ। ਸੁਖਲੋਈ ਨੀਮ ਪਹਾੜੀ ਕੰਢੀ ਦੇ ਇਲਾਕੇ 'ਚੋਂ ਮਿਲ ਜਾਂਦੀ ਹੈ। ਸੁਖਲੋਈ ਤੇ ਭਿੰਡੀ ਦਾ ਰਸ ਤਿਆਰ ਕਰਨ ਲਈ ਸੁੱਕਾ ਸਿਲਕਾ 24 ਘੰਟੇ ਪਾਣੀ ਵਿਚ ਭਿਉਂ ਕੇ ਰੱਖੋ। ਫਿਰ ਛਿਲਕੇ ਨੂੰ ਹੱਥਾਂ ਵਿਚ ਮਲ ਕੇ ਸੰਘਣਾ ਘੋਲ ਤਿਆਰ ਕਰੋ। ਅਜਿਹਾ ਇਕ ਲਿਟਰ ਘੋਲ 100 ਲਿਟਰ ਗੰਨੇ ਦੇ ਰਸ ਨੂੰ ਸਾਫ ਕਰਨ ਲਈ ਕਾਫੀ ਹੈ ਜਾਂ 30-40 ਗ੍ਰਾਮ ਸੋਇਆਬੀਨ ਦਾ ਆਟਾ ਪ੍ਰਤੀ 100 ਲਿਟਰ ਗੰਨੇ ਦੇ ਰਸ ਦੀ ਸਫਾਈ ਲਈ ਕਾਫੀ ਹੈ।

ਜਦੋਂ ਪੱਤ ਕੜ੍ਹ ਕੇ ਤਿਆਰ ਹੋ ਜਾਵੇ ਤਾਂ ਤਾਪਮਾਨ ਨਿਯੰਤਰਣ ਵਿਚ ਹੋਣਾ ਚਾਹੀਦਾ ਹੈ। ਪੱਤ ਦੇ ਪੱਕਣ ਬਾਅਦ 20 ਗ੍ਰਾਮ ਨਾਰੀਅਲ ਦਾ ਤੇਲ ਪ੍ਰਤੀ ਕੁਇੰਟਲ ਰਸ ਪਾ ਦੇਣਾ ਚਾਹੀਦਾ ਹੈ ਤਾਂ ਜੋ ਬਣ ਰਿਹਾ ਗੁੜ ਸੜ ਨਾ ਜਾਵੇ। ਅਜਿਹਾ ਕਰਨ ਨਾਲ ਗੁੜ ਵਧੇਰੇ ਰਵੇਦਾਰ ਤੇ ਸੁਗੰਧੀਦਾਰ ਬਣੇਗਾ। ਪੇਸੀਆ ਹਮੇਸ਼ਾਂ ਛੋਟੀਆਂ ਬਣਾਉਣੀਆਂ ਚਾਹੀਦੀਆਂ ਹਨ। ਇਨ੍ਹਾਂ ਛੋਟੀਆਂ ਚੌਰਸ ਪੇਸੀਆਂ ਨੂੰ ਵਧੀਆ ਤਰੀਕੇ ਨਾਲ 100 ਗ੍ਰਾਮ ਤੋਂ ਲੈ ਕੇ 1 ਕਿਲੋ ਤੱਕ ਪੈਕਿੰਗ ਕਰਨੀ ਚਾਹੀਦੀ ਹੈ। ਆਪਣਾ ਮਾਰਕਾ ਵੀ ਤਿਆਰ ਕਰਨਾ ਚਾਹੀਦਾ ਹੈ। ਸ਼ੱਕਰ ਤੇ ਸੁਗੰਧੀ ਵਾਲਾ ਗੁੜ ਤਿਆਰ ਕਰਕੇ ਵੀ ਵਧੇਰੇ ਆਮਦਨ ਪ੍ਰਾਪਤ ਕੀਤੀ ਜਾ ਸਕਦੀ ਹੈ।

---

## ਸੀਡਬਾਲਾਂ ਨਾਲ ਬੂਟੇ ਉਗਾ ਕੇ

# ਵਾਤਾਵਰਣ ਸੰਭਾਲ ਦਾ ਹੋਕਾ ਦੇ ਰਿਹਾ ਰਾਕੇਸ਼ ਸੋਹਲ

ਹਰ ਵਿਅਕਤੀ ਦੇ ਛੋਟੇ-ਛੋਟੇ ਯਤਨ ਵਾਤਾਵਰਣ ਦੀ ਸੰਭਾਲ ਵਿੱਚ ਮੀਲ ਪੱਥਰ ਸਾਬਤ ਹੋ ਸਕਦੇ ਹਨ, ਪਰ ਉਸ ਦੀ ਕੋਸ਼ਿਸ਼ ਵਿੱਚ ਦ੍ਰਿੜ ਇਰਾਦਾ ਜ਼ਰੂਰ ਹੋਣਾ ਚਾਹੀਦਾ ਹੈ। ਅਜਿਹਾ ਹੀ ਉਪਰਾਲਾ ਨੂਰਪੁਰ ਬੇਦੀ ਦੇ ਪਿੰਡ ਬੜੀਵਾਲ ਦੇ ਨੌਜਵਾਨ ਰਕੇਸ਼ ਸੋਹਲ ਵੱਲੋਂ ਕੀਤਾ ਜਾ ਰਿਹਾ ਹੈ। ਉਨ੍ਹਾਂ ਵੱਲੋਂ ਹੁਣ ਤੱਕ 50 ਹਜ਼ਾਰ ਤੋਂ ਜ਼ਿਆਦਾ ਦੇ ਕਰੀਬ ਸੀਡ ਬਾਲ ਤਿਆਰ ਕਰਕੇ ਉਹਨਾਂ ਥਾਵਾਂ 'ਤੇ ਸੁੱਟੀਆਂ ਜਾਂਦੀਆਂ ਹਨ, ਜਿੱਥੇ ਮਨੁੱਖ ਨੂੰ ਪਹੁੰਚਣਾ ਅਸੰਭਵ ਹੈ ਅਤੇ ਉਹ ਵੱਖ-ਵੱਖ ਤਰ੍ਹਾਂ ਦੇ ਪੌਦਿਆਂ ਦੇ ਬੀਜਾਂ ਅਤੇ ਗੋਹੇ ਤਿਆਰ ਕਰਨ ਤੋਂ ਬਾਅਦ, ਉਹ ਇਨ੍ਹਾਂ ਨੂੰ ਪਹਾੜੀ ਢਲਾਣ ਵਾਲੇ ਖੇਤਰਾਂ ਤੇ ਸੰਘਣੀ ਜੰਗਲੀ ਖੇਤਰਾਂ ਵਿੱਚ ਸੁੱਟ ਰਹੇ ਹਨ। ਰਕੇਸ਼ ਸੋਹਲ ਅੱਜ ਦੇ ਸਮੇਂ ਵਿੱਚ ਸੀਡ ਬਾਲਾਂ ਨਾਲ ਦਰੱਖਤ ਉਗਾਉਣ ਵਾਲਾ ਪੰਜਾਬ ਦਾ ਪਹਿਲਾ ਵਾਤਾਵਰਣ ਪ੍ਰੇਮੀ ਬਣ ਗਿਆ ਹੈ, ਜੋ ਕਿ ਹੋਰਨਾਂ ਲੋਕਾਂ ਲਈ ਇੱਕ ਪ੍ਰੇਰਣਾ ਸਰੋਤ ਹੈ।

ਰਕੇਸ਼ ਨੇ ਸੀਡ ਬਾਲ ਤਿਆਰ ਕਰਨ ਦੀ ਵਿਧੀ ਦੱਸਦਿਆਂ ਕਿਹਾ ਕਿ ਉਹ ਸਭ ਤੋਂ ਪਹਿਲਾਂ ਚੀਕਣੀ ਮਿੱਟੀ, ਲੱਕੜ ਦੀ ਸੁਆਹ ਅਤੇ ਤੂੜੀ ਨੂੰ ਮਿਲਾ ਕੇ ਇਸ ਨੂੰ ਬਿਲਕੁਲ ਬਰੀਕ ਕਰਕੇ ਮਿਸ਼ਰਣ ਤਿਆਰ ਕਰਦੇ ਹਨ ਤੇ ਪਾਣੀ ਦੀ ਮੱਦਦ ਦੇ ਨਾਲ ਇਸ ਨੂੰ ਮਿਕਸ ਕਰਕੇ ਆਟੇ ਦੀ ਤਰ੍ਹਾਂ ਗੁੰਨਿਆ ਜਾਂਦਾ ਹੈ ਅਤੇ ਬਾਅਦ ਵਿੱਚ ਇਸ ਦੀਆਂ ਛੋਟੀਆਂ-ਛੋਟੀਆਂ ਗੋਲੀਆਂ ਤਿਆਰ ਕੀਤੀਆਂ ਜਾਂਦੀਆਂ ਹਨ ਅਤੇ ਜਿਨ੍ਹਾਂ ਵਿੱਚ ਵੱਖ-ਵੱਖ ਪ੍ਰਕਾਰ ਦੇ ਪੌਦਿਆਂ ਦੇ ਬੀਜ ਰੱਖੇ ਜਾਂਦੇ ਹਨ। ਸੋਹਲ ਨੇ ਦੱਸਿਆ ਕਿ ਉਹ ਪਿਛਲੇ ਸਾਲਾਂ ਤੋਂ ਸੀਡ ਬਾਲਾਂ ਨੂੰ ਤਿਆਰ ਕਰਕੇ ਪਹਾੜੀ ਖੇਤਰਾਂ ਵਿੱਚ ਇਸ ਦੀ ਵਰਤੋਂ ਕਰ ਰਹੇ ਹਨ। ਉਹਨਾਂ ਕਿਹਾ ਕਿ ਜਿਨ੍ਹਾਂ ਥਾਵਾਂ 'ਤੇ ਮਨੁੱਖ ਨਹੀਂ ਪਹੁੰਚ ਸਕਦਾ, ਉਨ੍ਹਾਂ ਥਾਵਾਂ 'ਤੇ ਉਹ ਤਿਆਰ ਕੀਤੀਆਂ ਗਈਆਂ ਸੀਡ ਬਾਲਾਂ ਸੁੱਟਦੇ ਹਨ ਅਤੇ ਕੁਝ ਹੀ ਸਮੇਂ ਬਾਅਦ ਸੀਡਬਾਲ ਵਿੱਚੋਂ ਪੌਦੇ ਦਾ ਬੀਜ ਤਿਆਰ ਹੋ ਜਾਂਦਾ ਹੈ, ਜੋ ਪਹਿਲਾਂ ਪੌਦਾ, ਫਿਰ ਰੁੱਖ ਬਣ ਜਾਂਦਾ ਹੈ, ਜਿਸ ਨਾਲ ਸਾਡੇ ਵਾਤਾਵਰਨ ਵਿੱਚ ਹਰਿਆਲੀ ਆਉਂਦੀ ਹੈ ਅਤੇ ਵਾਤਾਵਰਨ ਸ਼ੁੱਧ ਹੁੰਦਾ ਹੈ।

ਰਜੇਸ਼ ਨੇ ਦੱਸਿਆ ਕਿ ਸੀਡ ਬਾਲ ਤਿਆਰ ਕਰਨ ਦੀ ਪ੍ਰੇਰਨਾ ਉਸ ਨੂੰ ਸੋਸ਼ਲ ਮੀਡੀਆ 'ਤੇ ਅਫਰੀਕੀ ਵੀਡੀਓ ਦੇਖ ਕੇ ਮਿਲੀ, ਜਿਸ ਵਿੱਚ ਵਾਤਾਵਰਨ ਵਿੱਚ ਆਏ ਭਿਆਨਕ ਬਦਲਾਅ ਅਤੇ ਜੰਗਲਾਂ ਦੀ ਕਟਾਈ ਤੋਂ ਪ੍ਰਭਾਵਿਤ ਹੋ ਕੇ, ਗਰਮੀਆਂ ਦੇ ਮੌਸਮ ਵਿੱਚ ਵੱਡੇ ਖੇਤਰਾਂ ਵਿੱਚ ਲੱਗੀ ਅੱਗ ਲੱਗਣ ਨਾਲ ਜੰਗਲਾਂ ਦੇ ਸੜ ਜਾਣ ਤੇ ਉਸ ਨੇ ਸੋਸ਼ਲ ਮੀਡੀਆ 'ਤੇ ਇੱਕ ਅਫਰੀਕਨ ਵੀਡੀਓ ਵਿੱਚ ਦੇਖਿਆ ਸੀ, ਜਿਸ ਵਿੱਚ ਉੱਥੇ ਦੇ ਲੋਕ ਦਰੱਖਤ ਉਗਾਉਣ ਲਈ ਇਸੇ ਤਰ੍ਹਾਂ ਸੀਡ ਬਾਲਾਂ ਤਿਆਰ ਕਰਕੇ ਖਾਲੀ ਥਾਵਾਂ 'ਤੇ ਜਹਾਜ਼ ਰਾਹੀਂ ਸੀਡ ਬਾਲਾਂ ਸੁੱਟ ਦਿੰਦੇ ਹਨ, ਜੋ ਸੁੱਟਣ ਤੋਂ ਬਾਅਦ, ਹੌਲੀ-ਹੌਲੀ ਪੌਦਾ ਹੋ ਕੇ ਵੱਡੇ ਦਰੱਖਤ ਬਣ ਜਾਂਦੇ ਹਨ। ਉਹ ਇਸ ਨੂੰ ਦੇਖ ਕੇ ਬਹੁਤ ਪ੍ਰੇਰਿਤ ਹੋਏ। ਉਨ੍ਹਾਂ ਨੇ ਇਸ ਸੀਡ ਬਾਲ ਨੂੰ ਬਣਾਉਣ ਦੀ ਸਮੁੱਚੀ ਪ੍ਰਕਿਰਿਆ ਬਾਰੇ ਜਾਣਕਾਰੀ ਹਾਸਲ ਕੀਤੀ ਅਤੇ ਇਸ ਤੋਂ ਬਾਅਦ ਉਨ੍ਹਾਂ ਨੇ ਆਪਣੇ ਇਲਾਕੇ ਵਿੱਚ ਇਸ ਸੀਡ ਬਾਲ ਨੂੰ ਤਿਆਰ ਕਰਕੇ ਇਸ ਨੂੰ ਸੁੱਟਣਾ ਸ਼ੁਰੂ ਕਰ ਦਿੱਤਾ।

### ਸੋਹਲ ਵੱਲੋਂ ਵਾਤਾਵਰਨ ਦੀ ਸੰਭਾਲ ਲਈ ਚੁੱਕਿਆ ਕਦਮ ਇਲਾਕੇ ਲਈ ਮਾਣ ਦੀ ਗੱਲ

ਰੂਪਨਗਰ ਤੋਂ ਹਲਕਾ ਵਿਧਾਇਕ ਐਡਵੋਕੇਟ ਦਿਨੇਸ਼ ਚੱਢਾ ਨੇ ਕਿਹਾ ਕਿ ਸਾਡੇ ਨੂਰਪੁਰਬੇਦੀ ਇਲਾਕੇ ਦੇ ਪਿੰਡ ਬੜੀਵਾਲ ਦੇ ਜੰਮਪਲ ਰਕੇਸ਼ ਸੋਹਲ ਵੱਲੋਂ ਜੋ ਦਿਨ ਪ੍ਰਤੀ ਦਿਨ ਨਸ਼ਟ ਹੁੰਦੇ ਜਾ ਰਹੇ ਸਾਡੇ ਵਾਤਾਵਰਨ ਨੂੰ ਬਚਾਉਣ ਲਈ ਇੱਕ ਅਨੋਖੇ ਤਰੀਕੇ ਰਾਹੀਂ ਉਪਰਾਲੇ ਕੀਤੇ ਜਾ ਰਹੇ ਹਨ। ਉਹ ਆਪਣੇ ਆਪ ਵਿੱਚ ਕਾਬਿਲੇ ਤਾਰੀਫ ਹਨ। ਉਸ ਵੱਲੋਂ ਕੀਤੀ ਜਾ ਰਹੀ ਇਸ ਮਿਹਨਤ ਨਾਲ ਨਾ ਕੇਵਲ ਵੱਧ ਤੋਂ ਵੱਧ ਰੁੱਖ ਪੈਦਾ ਹੋਣਗੇ, ਬਲਕਿ ਆਉਣ ਵਾਲੀਆਂ ਪੀੜ੍ਹੀਆਂ ਲਈ ਵੀ ਹਰਿਆ-ਭਰਿਆ ਵਾਤਾਵਰਣ ਨਸੀਬ ਹੋਵੇਗਾ।

### ਵਾਤਾਵਰਨ ਦੀ ਸੰਭਾਲ ਦੇ ਨਾਲ-ਨਾਲ ਪ੍ਰਾਈਵੇਟ ਬੈਂਕ ਵਿੱਚ ਕਰ ਰਹਿ ਨੌਕਰੀ

ਇਸ ਦੇ ਨਾਲ ਹੀ ਉਸ ਨੇ ਦੱਸਿਆ ਕਿ ਉਹ ਇੱਕ ਪ੍ਰਾਈਵੇਟ ਬੈਂਕ ਵਿੱਚ ਨੌਕਰੀ ਕਰਦੇ ਹਨ ਅਤੇ ਬੈਂਕ ਤੋਂ ਛੁੱਟੀ ਤੋਂ ਬਾਅਦ ਸੀਡ ਬਾਲਾਂ ਤਿਆਰ ਕਰਨ ਦੇ ਲਈ ਆਪਣੇ ਦੋਸਤਾਂ ਦੀ ਮੱਦਦ ਲੈਂਦੇ ਹਨ ਅਤੇ ਛੁੱਟੀ ਵਾਲੇ ਦਿਨ ਉਹ ਸੀਡ ਬਾਲਾਂ ਸੁੱਟ ਕੇ ਆਉਂਦੇ ਹਨ ਅਤੇ ਹੁਣ ਤੱਕ ਉਨ੍ਹਾਂ ਵੱਲੋਂ 50 ਹਜ਼ਾਰ ਦੇ ਕਰੀਬ ਸੀਡ ਬਾਲਾਂ ਬਣਾ ਕੇ ਸੁੱਟੀਆਂ ਜਾ ਚੁੱਕੀਆਂ ਹਨ। ਇਸ ਦੇ ਨਾਲ ਹੀ ਉਨ੍ਹਾਂ ਦੱਸਿਆ ਕਿ ਨਤੀਜੇ ਬਹੁਤ ਹੀ ਨਿਰਾਰ ਰਹੇ ਹਨ, ਸਥਾਨਕ ਵਿਰਾਸਤੀ ਬੂਟੇ 100 ਫੀਸਦੀ ਸਫਲ ਹੋ ਰਹੇ ਹਨ ਅਤੇ ਕੁਝ ਦਿਨ ਪਹਿਲਾਂ ਸੁੱਟੀਆਂ ਸੀਡ ਬਾਲਾਂ ਵਿੱਚੋਂ ਬੀਜ ਪੈਦਾ ਹੋ ਕੇ ਹੁਣ ਹੌਲੀ-ਹੌਲੀ ਰੁੱਖ ਬਣ ਰਹੇ ਹਨ।

# ਕਿਸਾਨ ਵੀਰਾਂ ਲਈ ਇਸ ਹਫਤੇ ਦੇ ਖੇਤੀ ਰੁਝੇਵੇਂ

**ਝੋਨਾ** : ਝੋਨੇ ਦੀ ਪੀ. ਆਰ.-126 ਕਿਸਮ ਦੀ ਖੇਤਾਂ ਵਿੱਚ ਲੁਆਈ 15 ਜੁਲਾਈ ਤੱਕ ਸੁਨਿਸ਼ਚਿਤ ਕੀਤੀ ਜਾਵੇ। ਝੋਨੇ ਦੀ ਪੀ. ਆਰ.-126 ਕਿਸਮ ਜਲਦੀ ਖੇਤ ਖਾਲੀ ਕਰ ਦਿੰਦੀ ਹੈ ਅਤੇ ਆਲੂ-ਮਟਰ ਅਤੇ ਬਰਸੀਮ ਦੀਆਂ ਫ਼ਸਲਾਂ ਦੀ ਸਮੇਂ ਸਿਰ ਬਿਜਾਈ ਹੋ ਜਾਂਦੀ ਹੈ। ਖੇਤ ਵਿੱਚ ਲਾਉਣ ਸਮੇਂ ਥੋੜ੍ਹਾ ਸਮਾਂ ਲੈਣ ਵਾਲੀ ਕਿਸਮ (ਪੀ. ਆਰ.-126) ਲਈ 25 ਤੋਂ 30 ਦਿਨਾਂ ਦੀ ਪਨੀਰੀ ਵਰਤੋਂ। ਨਦੀਨਾਂ ਦੀ ਰੋਕਥਾਮ ਲਈ 60 ਗ੍ਰਾਮ ਸਾਥੀ (ਪਾਈਰੇਜ਼ੋਸਲਫੂਰਨ ਈਥਾਈਲ) 10 ਤਾਕਤ ਜਾਂ 1200 ਮਿਲੀਲੀਟਰ ਕੋਈ ਵੀ ਸਿਫਾਰਿਸ਼ ਕੀਤੀ ਨਦੀਨ-ਨਾਸ਼ਕ ਬੂਟਾਕਲੋਰ 50 ਤਾਕਤ ਜਾਂ 500 ਮਿਲੀਲੀਟਰ ਅਨੀਲੋਫਾਸ 30 ਤਾਕਤ ਜਾਂ ਪਰੀਟੀਲਾਕਲੋਰ 50 ਤਾਕਤ 600 ਮਿਲੀਲੀਟਰ ਜਾਂ ਪਰੀਟੀਲਾਕਲੋਰ 37 ਈ. ਡਬਲਯੂ. 750 ਮਿਲੀਲੀਟਰ ਜਾਂ ਸਟੌਂਪ 30 ਤਾਕਤ 1000-1200 ਮਿਲੀਲੀਟਰ ਪ੍ਰਤੀ ਏਕੜ ਨੂੰ 60 ਕਿਲੋ ਰੇਤ ਵਿੱਚ ਮਿਲਾ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਵਰਤੋ। ਪਨੀਰੀ ਪੁੱਟ ਕੇ ਖੇਤ ਵਿੱਚ ਲਾਉਣ ਤੋਂ ਦੋ-ਤਿੰਨ ਦਿਨਾਂ ਦੇ ਅੰਦਰ ਖੜ੍ਹੇ ਪਾਣੀ ਵਿੱਚ ਇਨ੍ਹਾਂ ਵਿੱਚੋਂ ਕੋਈ ਇੱਕ ਨਦੀਨ-ਨਾਸ਼ਕ ਦਾ ਇੱਕਸਾਰ ਛਿੱਟਾ ਦਿਉ।



**ਬਾਸਮਤੀ** : ਪੂਸਾ ਬਾਸਮਤੀ-1847, ਪੰਜਾਬ ਬਾਸਮਤੀ-7 ਪੰਜਾਬ ਬਾਸਮਤੀ-5, ਪੂਸਾ ਬਾਸਮਤੀ-1718 ਅਤੇ ਪੂਸਾ-1121 ਕਿਸਮ ਦੀ ਲੁਆਈ ਜੁਲਾਈ ਦੇ ਪਹਿਲੇ ਪੰਦਰਵਾੜੇ ਤੱਕ ਪੂਰੀ ਕਰ ਲੈਣੀ ਚਾਹੀਦੀ ਹੈ। ਬਾਸਮਤੀ ਕਿਸਮਾਂ ਨੂੰ ਬੀਜ ਰਾਹੀਂ ਲੱਗਣ ਵਾਲੀਆਂ ਬਿਮਾਰੀਆਂ (ਝੰਡਾ ਰੋਗ) ਤੋਂ ਬਚਾਉਣ ਲਈ 3 ਗ੍ਰਾਮ ਸਪਰਿੰਟ ਨੂੰ 10-12 ਮਿਲੀਲੀਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਕਿਲੋ ਬੀਜ ਦੇ ਹਿਸਾਬ ਨਾਲ ਸੋਧ ਕੇ ਬੀਜੋ। ਬਾਸਮਤੀ ਨੂੰ ਜੜ੍ਹਗੰਢ ਨੀਮਾਟੋਡ ਦੇ ਹਮਲੇ ਤੋਂ ਬਚਾਉਣ ਲਈ ਪਨੀਰੀ ਬੀਜਣ ਤੋਂ 10 ਦਿਨ ਪਹਿਲਾਂ 40 ਗ੍ਰਾਮ ਸਰ੍ਹੋਂ ਦੀ ਖਲ ਪ੍ਰਤੀ ਵਰਗ ਮੀਟਰ ਦੇ ਹਿਸਾਬ ਨਾਲ ਸੋਧੋ। ਝੰਡਾ ਰੋਗ ਤੋਂ ਬਚਾਉਣ ਲਈ ਬੀਜ ਨੂੰ 15 ਗ੍ਰਾਮ ਟਰਾਈਕੋਡਰਮਾ ਐਸਪੈਰੇਲਮ (2% ਡਬਲਯੂ. ਪੀ., ਪੀ. ਏ. ਯੂ. ਸਟਰੇਨ) ਨਾਲ ਪ੍ਰਤੀ ਕਿਲੋ ਦੇ ਹਿਸਾਬ ਨਾਲ ਸੋਧ ਕੇ ਬੀਜੋ ਅਤੇ ਪਨੀਰੀ ਖੇਤ ਵਿੱਚ ਲਾਉਣ ਤੋਂ ਪਹਿਲਾਂ ਉਸ ਦੀਆਂ ਜੜ੍ਹਾਂ ਨੂੰ ਵੀ 15 ਗ੍ਰਾਮ ਟਰਾਈਕੋਡਰਮਾ ਐਸਪੈਰੇਲਮ (2% ਡਬਲਯੂ. ਪੀ., ਪੀ. ਏ. ਯੂ. ਸਟਰੇਨ) ਪ੍ਰਤੀ ਲੀਟਰ ਪਾਣੀ ਵਿੱਚ 6 ਘੰਟੇ ਲਈ ਡੋਬ ਕੇ ਸੋਧੋ।



**ਕਪਾਹ** : ਨਰਮੇ ਦੀ ਫ਼ਸਲ ਵਿੱਚ ਨਦੀਨਾਂ ਦੀ ਰੋਕਥਾਮ ਲਈ 2-3 ਗੋਡੀਆਂ ਕਰੋ, ਪਹਿਲੀ ਗੋਡੀ ਪਹਿਲੇ ਪਾਣੀ ਤੋਂ ਪਹਿਲਾਂ, ਪਹੀਏ ਵਾਲੀ ਤ੍ਰਿਫਾਲੀ ਟਰੈਕਟਰ ਨਾਲ ਚੱਲਣ ਵਾਲੇ ਟਿੱਲਰ/ਰੋਟਰੀ ਵੀਡਰ ਨਾਲ ਕਰੋ। ਫ਼ਸਲ ਨੂੰ ਫੁੱਲ ਜਾਂ ਟੀਂਡੇ ਪੈਣ ਤੋਂ ਬਾਅਦ ਇਹਨਾਂ ਦੀ ਵਰਤੋਂ ਨਾ ਕਰੋ। ਜਿੱਥੇ ਕਿਤੇ ਇੱਟਸਿੱਟ ਨਦੀਨ ਪਹਿਲੀ ਸਿੰਚਾਈ ਜਾਂ ਬਰਸਾਤ ਮਗਰੋਂ ਉੱਗਦੇ ਹਨ ਤਾਂ ਸਟੌਂਪ 30 ਤਾਕਤ ਇੱਕ ਲੀਟਰ ਪ੍ਰਤੀ ਏਕੜ ਦੇ ਹਿਸਾਬ ਨਾਲ 200 ਲੀਟਰ ਪਾਣੀ ਵਿੱਚ ਘੋਲ ਕੇ ਛਿੜਕੋ। ਇਸ ਦੇ ਬਦਲ ਵਿੱਚ ਫ਼ਸਲ ਵਿੱਚ ਪਹਿਲੇ ਪਾਣੀ ਤੋਂ ਬਾਅਦ ਖੇਤ ਵੱਤਰ ਆਉਣ 'ਤੇ 500 ਮਿਲੀਲੀਟਰ ਪ੍ਰਤੀ ਏਕੜ ਹਿਟਵੀਡ ਮੈਕਸ 10 ਪ੍ਰਤੀਸ਼ਤ (ਪਾਇਰੀਥਾਇਓਬੈਕ ਸੋਡੀਅਮ 6% + ਕੁਇਜ਼ਾਲੋਫਾਪ ਈਥਾਇਲ 4%) ਦਾ ਛਿੜਕਾਅ ਕਰਨ 'ਤੇ ਘਾਹ ਅਤੇ ਚੌੜੇ ਪੱਤੇ ਵਾਲੇ ਮੌਸਮੀ ਨਦੀਨਾਂ ਦੀ ਚੰਗੀ ਰੋਕਥਾਮ ਕੀਤੀ ਜਾ ਸਕਦੀ ਹੈ। ਇਹ ਨਦੀਨ-ਨਾਸ਼ਕ ਲਪੇਟਾ ਵੇਲ (ਗੁਆਰਾ ਵੇਲ) ਦੀ ਵੀ 2 ਤੋਂ 5 ਪੱਤਿਆਂ ਦੀ ਅਵਸਥਾ 'ਤੇ ਚੰਗਾ ਰੋਕਥਾਮ ਕਰਦੀ ਹੈ।

**ਕਮਾਦ** : ਤਣੇ ਦੇ ਗੜੂੰਏਂ ਦੀ ਰੋਕਥਾਮ ਲਈ ਟਰਾਈਕੋਗਰਾਮਾ ਕਿਲੋਨਸ ਮਿੱਤਰ ਕੀੜੇ ਵਾਲਾ ਇੱਕ ਟਰਾਈਕੋ-ਕਾਰਡ (20,000 ਪ੍ਰਜੀਵੀ ਅੰਡੇ ਪ੍ਰਤੀ ਏਕੜ) ਨੂੰ 40 ਛੋਟੇ ਬਰਾਬਰ ਹਿੱਸਿਆਂ ਵਿੱਚ ਕੱਟ ਕੇ ਜੁਲਾਈ ਤੋਂ ਅਕਤੂਬਰ ਦੌਰਾਨ 10 ਦਿਨ ਦੇ ਵਕਫੇ 'ਤੇ ਪੱਤਿਆਂ ਦੇ ਹੇਠਲੇ ਪਾਸੇ ਇੱਕ ਏਕੜ ਖੇਤ ਵਿੱਚ 40 ਥਾਂਵਾਂ 'ਤੇ ਸ਼ਾਮ ਵੇਲੇ ਨੱਥੀ ਕਰੋ। ਟ੍ਰਾਈਕੋਕਾਰਡਾਂ ਦੀ ਵਰਤੋਂ ਦੇ ਨਾਲ-ਨਾਲ, 10 ਫਿਰੋਮੋਨ ਟਰੈਪ ਪ੍ਰਤੀ ਏਕੜ ਵਰਤਣ ਨਾਲ ਤਣੇ ਦੇ ਗੜੂੰਏਂ ਦੀ ਸੁਚੱਜੀ ਰੋਕਥਾਮ ਕੀਤੀ ਜਾ ਸਕਦੀ ਹੈ। ਡੀਲੇ ਦੀ ਰੋਕਥਾਮ ਲਈ ਖੜ੍ਹੀ ਫ਼ਸਲ ਵਿੱਚ 800 ਗ੍ਰਾਮ ਪ੍ਰਤੀ ਏਕੜ 2,4-ਡੀ ਸੋਡੀਅਮ ਸਾਲਟ 80 ਡਬਲਯੂ. ਪੀ. ਨੂੰ 200 ਲੀਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰੋ। ਲਪੇਟਾ ਵੇਲ ਅਤੇ ਹੋਰ ਚੌੜੇ ਪੱਤੇ ਵਾਲੇ ਨਦੀਨਾਂ ਦੀ ਰੋਕਥਾਮ ਲਈ ਇਹਨਾਂ ਦੀ 3-5 ਪੱਤਿਆਂ ਦੀ ਅਵਸਥਾ 'ਤੇ ਪ੍ਰਤੀ ਏਕੜ 800 ਗ੍ਰਾਮ 2,4-ਡੀ ਸੋਡੀਅਮ ਸਾਲਟ 80 ਡਬਲਯੂ. ਪੀ. ਜਾਂ 400 ਮਿਲੀਲੀਟਰ 2,4-ਡੀ ਅਮਾਈਨ ਸਾਲਟ 58 ਐਸ. ਐਲ. ਦਾ ਛਿੜਕਾਅ ਕਰੋ।

**ਮੱਕੀ** : ਫਾਲ ਆਰਮੀਵਰਮ ਦੀ ਰੋਕਥਾਮ ਲਈ 0.4 ਮਿਲੀਲੀਟਰ ਕੋਰਾਜਨ 18.5 ਐਸ. ਸੀ. (ਕਲੋਰਐਂਟਰਾਨਿਲੀਪਰੋਲ) ਜਾਂ 0.5 ਮਿਲੀਲੀਟਰ ਡੈਲੀਗੇਟ 11.7 ਐਸ. ਸੀ. (ਸਪਾਈਨਟੋਰਮ) ਜਾਂ 0.4 ਗ੍ਰਾਮ ਮਿਜ਼ਾਈਲ 5 ਐਸ. ਜੀ. (ਐਮਾਮੈਕਟਿਨ ਬੈਂਜੋਏਟ) ਪ੍ਰਤੀ ਲੀਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰੋ। 20 ਦਿਨਾਂ ਤੱਕ ਦੀ ਫ਼ਸਲ ਲਈ 120 ਲੀਟਰ ਪਾਣੀ ਪ੍ਰਤੀ ਏਕੜ ਵਰਤੋ। ਇਸ ਤੋਂ ਬਾਅਦ, ਫ਼ਸਲ ਦੇ ਵਾਧੇ ਅਨੁਸਾਰ ਪਾਣੀ ਦੀ ਮਾਤਰਾ 200 ਲੀਟਰ ਪ੍ਰਤੀ ਏਕੜ ਤੱਕ ਵਧਾਉ, ਪਰ ਧਿਆਨ ਰੱਖੋ ਕਿ ਪਾਣੀ ਦੇ ਨਾਲ-ਨਾਲ ਉੱਪਰ ਦੱਸੇ ਕੀਟਨਾਸ਼ਕਾਂ ਦੀ ਮਾਤਰਾ ਵੀ ਉਸੇ ਅਨੁਪਾਤ ਵਿੱਚ ਵਧਾਉ। ਕੀੜੇ ਦੀ ਕਾਰਗਰ ਰੋਕਥਾਮ ਲਈ ਛਿੜਕਾਅ ਮੱਕੀ ਦੀ ਗੋਭ ਵੱਲ ਨੂੰ ਕਰਨਾ ਜ਼ਰੂਰੀ ਹੈ। ਜੇ ਹਮਲਾ ਧੋੜੀਆਂ ਵਿੱਚ ਹੋਵੇ ਜਾਂ ਫ਼ਸਲ 40 ਦਿਨਾਂ ਤੋਂ ਵੱਡੀ ਹੋਵੇ ਅਤੇ ਛਿੜਕਾਅ ਵਿੱਚ ਮੁਸ਼ਕਿਲ ਹੋਵੇ ਤਾਂ ਮਿੱਟੀ ਅਤੇ ਕੀਟਨਾਸ਼ਕ/ਜੈਵਿਕ ਕੀਟਨਾਸ਼ਕ ਦੇ ਮਿਸ਼ਰਣ (ਲਗਭਗ ਅੱਧਾ ਗ੍ਰਾਮ) ਨੂੰ ਹਮਲੇ ਵਾਲੀਆਂ ਗੋਭਾਂ ਵਿੱਚ ਪਾ ਕੇ ਫਾਲ ਆਰਮੀਵਰਮ ਦੀ ਰੋਕਥਾਮ ਕੀਤੀ ਜਾ ਸਕਦੀ ਹੈ। ਮਿਸ਼ਰਣ ਬਣਾਉਣ ਲਈ 5 ਮਿਲੀਲੀਟਰ ਕੋਰਾਜਨ 18.5 ਐਸ. ਸੀ. (ਕਲੋਰਐਂਟਰਾਨਿਲੀਪਰੋਲ) ਜਾਂ ਡੈਲੀਗੇਟ 11.7 ਐਸ. ਸੀ. (ਸਪਾਈਨਟੋਰਮ) ਜਾਂ 5 ਗ੍ਰਾਮ ਮਿਜ਼ਾਈਲ 5 ਐਸ. ਜੀ. (ਐਮਾਮੈਕਟਿਨ ਬੈਂਜੋਏਟ) ਜਾਂ 25 ਗ੍ਰਾਮ ਡੇਲਫਿਨ ਡਬਲਯੂ. ਜੀ. ਜਾਂ 25 ਮਿਲੀਲੀਟਰ ਡਾਈਪਲ 8 ਐਲ (ਬੈਸੀਲਸ ਥੁਰੀਨਜਿਐਨਸਿਸ ਕੁਰਸਟਾਕੀ) ਨੂੰ 10 ਮਿਲੀਲੀਟਰ ਪਾਣੀ ਵਿੱਚ ਘੋਲ ਕੇ ਇੱਕ ਕਿਲੋ ਮਿੱਟੀ ਵਿੱਚ ਚੰਗੀ ਤਰ੍ਹਾਂ ਮਿਲਾਉ। ਜੇਕਰ ਕਣਕ ਦੇ ਵੱਢ ਵਿੱਚ ਮੱਕੀ ਬੀਜੀ ਹੈ, ਜਿਸ ਨੂੰ ਸਿਫਾਰਿਸ਼ ਮੁਤਾਬਿਕ ਫਾਸਫੋਰਸ ਪਾਈ ਹੋਵੇ ਤਾਂ ਮੱਕੀ ਨੂੰ ਫਾਸਫੋਰਸ ਪਾਉਣ ਦੀ ਲੋੜ ਨਹੀਂ। ਪੋਟਾਸ਼ ਖਾਦ ਦੀ ਵਰਤੋਂ ਤਾਂ ਹੀ ਕਰੋ, ਜੇਕਰ ਮਿੱਟੀ ਵਿੱਚ ਪੋਟਾਸ਼ ਦੀ ਘਾਟ ਹੋਵੇ। ਡੀਲੇ/ਮੋਥੇ ਦੀ ਰੋਕਥਾਮ ਲਈ 400 ਮਿਲੀਲੀਟਰ ਪ੍ਰਤੀ ਏਕੜ 2,4-ਡੀ ਅਮਾਈਨ ਸਾਲਟ 58 ਐਸ. ਐਲ. ਬਿਜਾਈ ਤੋਂ 20-25 ਦਿਨਾਂ ਬਾਅਦ 150 ਲੀਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰੋ।



**ਮੂੰਗਫਲੀ** : ਬਰਾਨੀ ਹਾਲਤਾਂ ਵਿੱਚ ਮੂੰਗਫਲੀ ਦੀ ਬਿਜਾਈ ਬਾਰਿਸ਼ ਪੈਣ 'ਤੇ ਕਰੋ। ਵਧੀਆ ਝਾੜ ਲੈਣ ਲਈ ਮੋਟਾ ਬੀਜ ਵਰਤੋ। 38 ਕਿਲੋ ਗਿਰੀਆਂ ਐਮ-522, ਐਸ. ਜੀ.-99 ਲਈ 40 ਕਿਲੋ ਪ੍ਰਤੀ ਏਕੜ ਅਤੇ ਜੇ-87 ਲਈ 48 ਕਿਲੋ ਗਿਰੀਆਂ ਪ੍ਰਤੀ ਏਕੜ ਵਰਤੋ। ਬਿਜਾਈ ਸਮੇਂ 50 ਕਿਲੋ ਸਿੰਗਲ ਸੁਪਰਫਾਸਫੇਟ, 50 ਕਿਲੋ ਜਿਪਸਮ ਅਤੇ 13 ਕਿਲੋ ਯੂਰੀਆ ਪ੍ਰਤੀ ਏਕੜ ਦੇ ਹਿਸਾਬ ਨਾਲ ਪਾ ਦਿਉ।

**ਦਾਲਾਂ** : ਪੰਜਾਬ ਵਿੱਚ ਮਾਂਹ ਦੀ ਬਿਜਾਈ 6-8 ਕਿਲੋ ਬੀਜ ਪ੍ਰਤੀ ਏਕੜ ਵਰਤ ਕੇ ਜੂਨ ਦੇ ਅਖੀਰਲੇ ਹਫਤੇ ਖਾਸ ਕਰਕੇ ਪਾਣੀ ਲੱਗ ਨੀਮ ਪਹਾੜੀ ਇਲਾਕਿਆਂ ਨੂੰ ਛੱਡ ਕੇ ਕਰਨੀ ਚਾਹੀਦੀ ਹੈ। ਬਾਰਾਨੀ ਇਲਾਕਿਆਂ ਵਿੱਚ ਮਾਂਹ ਦੀ ਬਿਜਾਈ ਮੌਨਸੂਨ ਸ਼ੁਰੂ ਹੋਣ 'ਤੇ ਕਰਨੀ ਚਾਹੀਦੀ ਹੈ ਅਤੇ ਮਾਂਹ ਨੂੰ 11 ਕਿਲੋ ਯੂਰੀਆ, 60 ਕਿਲੋ ਸੁਪਰਫਾਸਫੇਟ ਪ੍ਰਤੀ ਏਕੜ ਬਿਜਾਈ ਵੇਲੇ ਪਾਉ।

**ਹਰੇ ਚਾਰੇ** : ਸਾਰਾ ਸਾਲ ਹਰਾ ਚਾਰਾ ਪੈਦਾ ਕਰਨ ਲਈ ਚਾਰੇ ਵਾਲੀਆਂ ਫ਼ਸਲਾਂ ਦੀ ਸਮੇਂ ਸਿਰ ਬਿਜਾਈ ਕਰਦੇ ਰਹੋ। ਗੈਰ-ਫਲੀਦਾਰ ਅਤੇ ਫਲੀਦਾਰ ਚਾਰੇ ਜਿਵੇਂ ਕਿ ਮੱਕੀ + ਰਵਾਂਹ ਰਲਾ ਕੇ ਬੀਜੋ, ਇਸ ਤਰ੍ਹਾਂ ਜ਼ਿਆਦਾ ਪੌਸ਼ਟਿਕ ਚਾਰਾ ਮਿਲੇਗਾ।



**ਸਬਜ਼ੀਆਂ** : ਇਹ ਸਮਾਂ ਵੇਲਾਂ ਵਾਲੀਆਂ ਸਬਜ਼ੀਆਂ ਜਿਵੇਂ ਕਿ ਹਲਵਾ ਕੱਦੂ, ਘੀਆ ਕੱਦੂ, ਕਰੇਲਾ, ਕਾਲੀ ਤੋਰੀ, ਪੇਠਾ, ਟੀਂਡਾ ਅਤੇ ਵੰਗੇ ਦੀ ਬਿਜਾਈ ਲਈ ਢੁੱਕਵਾਂ ਹੈ। ਬਰਸਾਤੀ ਮੌਸਮ ਵਿੱਚ ਬਿਜਾਈ ਲਈ ਵਿਸ਼ਾਣੂੰ ਰੋਗ ਦਾ ਟਾਕਰਾ ਕਰਨ ਵਾਲੀਆਂ ਕਿਸਮਾਂ ਦੀ ਚੋਣ ਕਰੋ। ਇਸ ਤੋਂ ਇਲਾਵਾ ਭਿੰਡੀ ਦੀ ਪੰਜਾਬ ਸੁਹਾਵਨੀ, ਪੰਜਾਬ ਲਾਲਿਮਾ ਅਤੇ ਲੋਬੀਆ ਦੀ ਕਾਉਪੀਅ-263 ਕਿਸਮਾਂ ਦੀ ਬਿਜਾਈ ਲਈ ਸਹੀ ਸਮਾਂ ਹੈ। ਭਿੰਡੀ ਦੀਆਂ ਪੰਜਾਬ ਸੁਹਾਵਣੀ ਜਾਂ ਪੰਜਾਬ ਲਾਲਿਮਾ ਕਿਸਮਾਂ ਬੀਜਣੀਆਂ ਸ਼ੁਰੂ ਕਰ ਦਿਉ, ਕਿਉਂਕਿ ਇਹ ਕਿਸਮਾਂ ਪੀਲੇ ਵਿਸ਼ਾਣੂੰ ਰੋਗ ਦਾ ਟਾਕਰਾ ਕਰਨ ਦੀ ਸਮਰੱਥਾ ਰੱਖਦੀਆਂ ਹਨ। 15-20 ਟਨ ਗਲੀ ਸੜੀ ਰੂੜੀ ਤੋਂ ਇਲਾਵਾ 40 ਕਿਲੋ ਯੂਰੀਆ ਪ੍ਰਤੀ ਏਕੜ ਦੇ ਹਿਸਾਬ ਨਾਲ ਪਾਉ। ਬੈਂਗਣ ਵਿੱਚ ਫਲਾਂ ਅਤੇ ਲਗਰਾਂ ਵਿੱਚ ਮੋਰੀ ਕਰਨ ਵਾਲੀ ਸੁੰਡੀ ਦੀ ਰੋਕਥਾਮ ਲਈ 80 ਮਿਲੀਲੀਟਰ ਕੋਰਾਜ਼ਨ 18.5 ਐਸ. ਸੀ. (ਕਲੋਰਐਂਟਰਾਨੀਲੀਪਰੋਲ) ਜਾਂ 80 ਗ੍ਰਾਮ ਪ੍ਰੋਕਲੇਮ 5 ਐਸ. ਜੀ. (ਐਮਾਮੈਕਟਿਨ ਬੈਂਜੋਏਟ) ਜਾਂ 100 ਮਿਲੀਲੀਟਰ ਸੁਮੀਸੀਡੀਨ 20 ਈ. ਸੀ. (ਫੇਨਵਲਰੇਟ) ਜਾਂ 200 ਮਿਲੀਲੀਟਰ ਰਿਪਕਾਰਡ 10 ਈ. ਸੀ. (ਸਾਈਪਰਮੈਥਰਿਨ) ਜਾਂ 160 ਮਿਲੀਲੀਟਰ ਡੇਸਿਸ 2.8 ਈ. ਸੀ. (ਡੈਲਟਾਮੈਥਰਿਨ) 100-125 ਲੀਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਛਿੜਕੋ। ਪ੍ਰੋਕਲੇਮ ਦੇ ਛਿੜਕਾਅ ਤੋਂ ਬਾਅਦ 3 ਦਿਨ ਅਤੇ ਕੋਰਾਜ਼ਨ ਦੇ ਛਿੜਕਾਅ ਤੋਂ ਬਾਅਦ 7 ਦਿਨਾਂ ਤੱਕ ਫਲ ਨਾ ਤੋੜੋ।



**ਬਾਗਬਾਨੀ** : ਜੇਕਰ ਤੁਹਾਡੇ ਖੇਤਰ ਵਿੱਚ ਬਾਰਿਸ਼ ਨਹੀਂ ਪਈ ਤਾਂ ਫਲਦਾਰ ਬੂਟਿਆਂ ਖਾਸ ਕਰਕੇ ਅੰਬ, ਨਾਸ਼ਪਾਤੀ, ਨਿੰਬੂ ਜਾਤੀ ਦੇ ਬਾਗਾਂ ਜਿਹਨਾਂ ਉਪਰ ਇਸ ਸਮੇਂ ਫਲ ਲੱਗਿਆ ਹੋਇਆ, ਨੂੰ ਲਗਾਤਾਰ ਹਲਕੀਆਂ ਸਿੰਚਾਈਆਂ ਕਰਦੇ ਰਹੋ। ਨਾਸ਼ਪਾਤੀ ਦੇ ਫਲਾਂ ਨੂੰ ਫਲ ਦੀ ਮੱਖੀ ਦੇ ਹਮਲੇ ਤੋਂ ਬਚਾਉਣ ਲਈ 16 ਪੀ. ਏ. ਯੂ. ਫਰੂਟ ਫਲਾਈ ਟਰੈਪ ਪ੍ਰਤੀ ਏਕੜ ਦੇ ਹਿਸਾਬ ਨਾਲ ਲਗਾਉ। ਆਉਣ ਵਾਲੇ ਬਰਸਾਤ ਵਾਲੇ ਮੌਸਮ ਵਿੱਚ ਨਵੇਂ ਬਾਗ ਲਗਾਉਣ ਲਈ ਯੋਜਨਾ ਬੰਦੀ, ਜ਼ਮੀਨ ਦੀ ਤਿਆਰੀ, ਟੋਏ ਪੁੱਟਣ ਅਤੇ ਭਰਨ ਦਾ ਕੰਮ ਆਰੰਭ ਕੀਤਾ ਜਾ ਸਕਦਾ ਹੈ। ਜੇਕਰ ਬਰਸਾਤਾਂ ਨਾਲ ਜ਼ਮੀਨ ਪੋਲੀ ਹੋ ਗਈ ਹੋਵੇ ਤਾਂ ਵੱਡੇ ਨਦੀਨਾਂ ਜਿਵੇਂ ਕਿ ਕਾਂਗਰਸ ਘਾਹ, ਭੰਗ ਆਦਿ ਨੂੰ ਬਾਗਾਂ ਵਿੱਚੋਂ ਜਾਂ ਆਲੇ-ਦੁਆਲਿਉਂ ਹੱਥੀਂ ਪੁੱਟ ਦਿਉ।

**ਪਸ਼ੂ ਪਾਲਣ** : ਪਸ਼ੂ-ਚਾਰੇ ਆਲੇ-ਦੁਆਲੇ ਨਾਲੋਂ ਉੱਚੀ ਜਗ੍ਹਾ 'ਤੇ ਬਣਾਉ, ਤਾਂ ਜੋ ਪਾਣੀ ਦਾ ਸਹੀ ਨਿਕਾਸ ਹੋ ਸਕੇ। ਪਸ਼ੂ ਢਾਰਿਆਂ ਵਿੱਚ ਜ਼ਿਆਦਾ ਨਮੀਂ ਇਕੱਠੀ ਨਾ ਹੋਣ ਦਿਉ ਅਤੇ ਇਸ ਦੇ ਕੰਟਰੋਲ ਲਈ ਦਿਨ ਦੀ ਧੁੱਪ ਵੇਲੇ ਖਿੜਕੀਆਂ ਖੋਲ ਦਿਉ। ਸਾਫ ਹਵਾ ਦੇ ਵੱਗਣ ਨਾਲ ਨਮੀਂ ਬਾਹਰ ਜਾਵੇਗੀ ਅਤੇ ਪਸ਼ੂ ਨੂੰ ਸਾਹ ਦੀਆਂ ਬਿਮਾਰੀਆਂ ਵੀ ਘੱਟ ਹੋਣਗੀਆਂ। ਸ਼ੈਡ ਵਿੱਚ ਪੱਕੇ ਫਰਸ਼ ਦਾ ਪ੍ਰਬੰਧ ਜ਼ਰੂਰ ਕਰੋ ਤਾਂ ਜੋ ਮਲ-ਮੂਤਰ ਦਾ ਠੀਕ ਤਰ੍ਹਾਂ ਨਿਕਾਸ ਹੋ ਸਕੇ ਅਤੇ ਫਰਸ਼ ਦੀ ਸਫ਼ਾਈ ਕਰਨੀ ਸੌਖੀ ਹੋਵੇ। ਕੱਚੇ ਫਰਸ਼ ਦੀ ਉਪਰਲੀ ਮਿੱਟੀ ਦੀ ਤਹਿ ਸਮੇਂ-ਸਮੇਂ 'ਤੇ ਬਦਲੋ।

RNI/PUNPUN00806 (42269/83) Postage Registered No. PB/PTA/0338/2025-2027



# ਨਵਾਂ ਬਾਗ ਲਗਾਉਣ ਸਮੇਂ ਧਿਆਨ ਦੇਣਯੋਗ ਜ਼ਰੂਰੀ ਤਕਨੀਕੀ ਨੁਕਤੇ

ਸਦਾਬਹਾਰ ਬੂਟੇ ਹਮੇਸ਼ਾਂ ਦੁਪਹਿਰ ਤੋਂ ਬਾਅਦ ਹੀ ਲਾਉਣੇ ਚਾਹੀਦੇ ਹਨ, ਕਿਉਂਕਿ ਬੂਟੇ ਰਾਤ ਸਮੇਂ ਘੱਟ ਤਾਪਮਾਨ 'ਤੇ ਸੈਟ ਹੋ ਜਾਂਦੇ ਹਨ । ਖੇਤ ਵਿਚ ਬੂਟੇ ਲਾਉਣ ਤੋਂ ਬਾਅਦ ਸਿਉਂਕ ਤੋਂ ਬਚਾਅ ਲਈ ਕਲੋਰੋਪਾਈਰੀਫਾਸ 10 ਮਿਲੀਲਿਟਰ ਪ੍ਰਤੀ 10 ਲਿਟਰ ਪਾਣੀ ਦੇ ਹਿਸਾਬ ਨਾਲ ਪ੍ਰਤੀ ਬੂਟਾ ਪਾ ਦੇਣੀ ਚਾਹੀਦੀ ਹੈ । ਇਹ ਦਵਾਈ ਸਾਲ ਵਿਚ ਘੱਟੋ-ਘੱਟ 2 ਵਾਰ ਜ਼ਰੂਰ ਪਾ ਦੇਣੀ ਚਾਹੀਦੀ ਹੈ, ਦਸੰਬਰ ਮਹੀਨੇ ਅਤੇ ਜੁਲਾਈ ਜਾਂ ਅਗਸਤ ਵਿੱਚ ।



ਡਾ. ਸਵਰਨ ਸਿੰਘ ਮਾਨ,
ਸਾਬਕਾ ਡਿਪਟੀ ਡਾਇਰੈਕਟਰ
ਬਾਗਬਾਨੀ, ਪਟਿਆਲਾ ।
ਮੋ : 75080-18903

ਫਲਦਾਰ ਬੂਟੇ ਦੋ ਕਿਸਮ ਦੇ ਹੁੰਦੇ ਹਨ । ਪਹਿਲੇ ਸਦਾਬਹਾਰ ਬੂਟੇ ਜਿਵੇਂ ਅੰਬ, ਅਮਰੂਦ, ਕਿੰਨੂ, ਮਾਲਟਾ, ਲੀਚੀ ਆਦਿ ਅਤੇ ਦੂਸਰੇ ਪੱਤਝੜ ਵਾਲੇ ਬੂਟੇ ਜਿਨ੍ਹਾਂ ਦੇ ਪੱਤੇ ਸਰਦੀਆਂ ਵਿਚ ਝੜ ਜਾਂਦੇ ਹਨ, ਜਿਵੇਂ ਆੜੂ, ਨਾਖ / ਬਗੂਗੋਸ਼ਾ, ਅੰਗੂਰ, ਅਨਾਰ, ਆਲੂ ਬੁਖਾਰਾ, ਫਾਲਸਾ, ਅੰਜੀਰ ਆਦਿ । ਸਦਾਬਹਾਰ ਬੂਟੇ ਆਮ ਤੌਰ 'ਤੇ ਜੁਲਾਈ, ਅਗਸਤ ਅਤੇ ਸਤੰਬਰ ਮਹੀਨੇ ਸਫਲਤਾ-ਪੂਰਵਕ ਉਗਾਏ ਜਾ ਸਕਦੇ ਹਨ, ਪਰ ਪੱਤਝੜ ਵਾਲੇ ਬੂਟੇ ਜਨਵਰੀ, ਫਰਵਰੀ ਅਤੇ ਮਹੀਨੇ ਆਸਾਨੀ ਨਾਲ ਉਗਾਏ ਜਾ ਸਕਦੇ ਹਨ ।

ਉਕਤ ਬੂਟੇ ਬਾਗਬਾਨੀ ਮਾਹਿਰਾਂ ਦੀ ਸਲਾਹ ਦੇ ਅਨੁਸਾਰ ਹੀ ਇਲਾਕੇ, ਮਿੱਟੀ ਦੀ ਕਿਸਮ ਅਤੇ ਮੌਸਮ ਅਨੁਸਾਰ ਲਾਉਣੇ ਚਾਹੀਦੇ ਹਨ । ਬਾਗਬਾਨੀ ਵਿਕਾਸ ਅਫਸਰ ਤਕਰੀਬਨ ਸਾਰੇ ਬਲਾਕਾਂ ਵਿਚ ਤਾਇਨਾਤ ਹਨ ਜਿਹੜੇ ਹਰ ਕਿਸਮ ਦੀ ਜਾਣਕਾਰੀ ਮੁਹੱਈਆ ਕਰਵਾਉਂਦੇ ਹਨ ।



ਜਿਵੇਂ ਮਿੱਟੀ-ਪਾਣੀ ਟੈਸਟ ਕਰਵਾਉਣਾ, ਨਵੇਂ ਲਗਾਉਣ ਵਾਲੇ ਬਾਗ ਦੀ ਲੇਅ-ਆਊਟ ਕਰਨੀ, ਜੇਕਰ ਕਿਸੇ ਕੀੜੇ-ਮਕੌੜੇ ਜਾਂ ਬਿਮਾਰੀ ਦਾ ਹਮਲਾ ਹੁੰਦਾ ਹੈ ਤਾਂ ਟੈਕਨੀਕਲੀ ਇਲਾਜ ਕਰਨਾ ਜਾਂ ਬਾਗ ਲਗਾਉਣ ਲਈ ਬਣਦੀ ਉਪਦਾਨ ਦੀ ਰਕਮ ਦੇਣੀ ਆਦਿ । ਇਸ ਲਈ ਬਾਗਬਾਨੀ ਅਫਸਰਾਂ ਦੀ ਸਲਾਹ ਨਾਲ ਹੀ ਨਵੇਂ ਬਾਗਬਾਨਾਂ ਨੂੰ ਚੱਲਣਾ ਚਾਹੀਦਾ ਹੈ ਨਾ ਕਿ ਕੀੜੇਮਾਰ ਦਵਾਈਆਂ ਦੇ ਦੁਕਾਨਦਾਰਾਂ ਜਾਂ ਬਾਗਾਂ ਦੇ ਠੇਕੇਦਾਰਾਂ ਅਨੁਸਾਰ । ਜ਼ਿਲ੍ਹਾ ਪੱਧਰ 'ਤੇ ਸਹਾਇਕ ਡਾਇਰੈਕਟਰ ਬਾਗਬਾਨੀ/ਉਪ ਡਾਇਰੈਕਟਰ ਬਾਗਬਾਨੀ ਵੀ ਤਾਇਨਾਤ ਹਨ, ਜੋ ਕਿ ਹਰ ਸਮੇਂ ਜ਼ਿੰਮੀਦਾਰਾਂ ਦੀ ਸੇਵਾ ਲਈ ਤਤਪਰ ਹਨ । ਬਾਗ ਲਗਾਉਣ ਲਈ ਹੇਠ ਲਿਖੇ ਤਕਨੀਕੀ ਨੁਕਤਿਆਂ ਦਾ ਧਿਆਨ ਰੱਖਣਾ ਬਹੁਤ ਜ਼ਰੂਰੀ ਹੈ :-

### 1. ਹਵਾ ਰੋਕੋ ਵਾੜਾਂ ਲਾਉਣੀਆਂ

ਜਦੋਂ ਤੁਹਾਡਾ ਨਵਾਂ ਬਾਗ ਲਗਾਉਣ ਦਾ ਇਰਾਦਾ ਬਣਦਾ ਹੈ ਤਾਂ ਉਸ ਤੋਂ ਪਹਿਲਾਂ ਹੀ ਹਵਾ ਰੋਕੋ ਵਾੜਾਂ ਆਪਣੇ ਖੇਤ ਦੇ ਆਲੇ-ਦੁਆਲੇ ਲਗਾ ਲੈਣੀਆਂ ਚਾਹੀਦੀਆਂ ਹਨ । ਹਵਾ ਰੋਕੋ ਵਾੜਾਂ ਲਈ ਦੇਸੀ ਅੰਬ, ਜਾਮਨ, ਬਿੱਲ, ਦੇਸੀ ਆਂਵਲਾ, ਕਟਹਲ ਆਦਿ ਲਗਾਏ ਜਾ ਸਕਦੇ ਹਨ । ਇਨ੍ਹਾਂ ਦਾ ਜ਼ਿਆਦਾ ਫਾਇਦਾ ਇਹ ਹੋਵੇਗਾ ਕਿ ਅਸੀਂ ਆਪਣੇ ਬਾਗਾਂ ਨੂੰ ਗਰਮ ਅਤੇ ਠੰਡੀਆਂ ਹਵਾਵਾਂ ਤੋਂ ਬਚਾ ਸਕਾਂਗੇ, ਹਨੇਰੀਆਂ ਨਾਲ ਟਾਹਣੀਆਂ ਅਤੇ ਫਲ ਨਹੀਂ ਟੁੱਟਗਾ ਅਤੇ ਇਨ੍ਹਾਂ ਨੂੰ ਲੱਗਣ ਵਾਲੇ ਫਲ ਤੋਂ ਵਾਧੂ ਆਮਦਨ ਵੀ ਪ੍ਰਾਪਤ ਕਰ ਸਕਾਂਗੇ ।

### 2. ਟੋਏ ਪੁੱਟਣੇ

ਨਵਾਂ ਬਾਗ ਲਗਾਉਣ ਸਮੇਂ ਨਿਰਧਾਰਿਤ ਫਾਸਲੇ 'ਤੇ 3'×3' ਦੇ ਟੋਏ ਜ਼ਰੂਰ ਪੁੱਟ ਲੈਣੇ ਚਾਹੀਦੇ ਹਨ । ਇਹ ਟੋਏ ਬੂਟੇ ਲਾਉਣ ਤੋਂ 15 ਦਿਨ ਪਹਿਲਾਂ ਪੁੱਟਣੇ ਚਾਹੀਦੇ ਹਨ । ਇੱਕ ਹਫਤਾ ਟੋਇਆਂ ਨੂੰ ਧੁੱਪ ਲੱਗਣ ਤੋਂ ਬਾਅਦ ਹੀ ਟੋਏ ਭਰਨੇ ਚਾਹੀਦੇ ਹਨ ਤਾਂਕਿ ਕੀੜੇ-ਮਕੌੜੇ/ਉੱਲੀਆਂ, ਮਰ ਜਾਣ । ਇਨ੍ਹਾਂ ਟੋਇਆਂ ਨੂੰ 1/3 ਦੇਸੀ ਖਾਦ, 1/3 ਹਿੱਸਾ ਭਲ ਅਤੇ ਉਪਰਲੀ ਡੇਢ ਫੁੱਟ ਦੀ ਮਿੱਟੀ ਵਿਚ ਮਿਕਸ ਕਰਕੇ ਦੁਬਾਰਾ ਭਰਨੇ ਚਾਹੀਦੇ ਹਨ । ਟੋਇਆਂ ਵਿਚ ਬੂਟੇ ਲਾਉਣ ਤੋਂ ਪਹਿਲਾਂ ਪਾਣੀ ਜ਼ਰੂਰ ਲਾਉਣਾ ਚਾਹੀਦਾ ਹੈ, ਜਿਸ ਨਾਲ ਟੋਇਆਂ ਦੀ ਮਿੱਟੀ ਬੈਠ ਜਾਵੇਗੀ ਅਤੇ ਰੂੜੀ ਦੀ ਗਰਮਾਇਸ਼ ਵੀ ਖਤਮ ਹੋ ਜਾਵੇਗੀ । ਪਾਣੀ ਦੇਣ ਤੋਂ 3-4 ਦਿਨਾਂ ਬਾਅਦ ਇਨ੍ਹਾਂ ਟੋਇਆਂ ਵਿੱਚ ਬੂਟੇ ਲਾਉਣੇ ਚਾਹੀਦੇ ਹਨ ।

### 3. ਬੂਟਿਆਂ ਦੀ ਢੁਆਈ

ਬਾਗ ਲਗਾਉਣ ਸਮੇਂ ਤੁਹਾਨੂੰ ਸਰਕਾਰੀ ਨਰਸਰੀ ਵਿੱਚੋਂ ਫਲਦਾਰ ਬੂਟੇ ਲੈ ਕੇ ਆਉਣੇ ਚਾਹੀਦੇ ਹਨ ਤਾਂ ਉਸ ਸਮੇਂ ਤੁਹਾਡੇ ਬੂਟੇ ਲਿਆਉਣ ਦੇ ਸਾਧਨ ਜਿਵੇਂ ਟਰਾਲੀ ਜਾਂ ਟੈਂਪੂ ਵਿਚ ਪਰਾਲੀ ਜਾਂ ਮਿੱਟੀ ਜ਼ਰੂਰ ਪਾ ਲੈਣੀ ਚਾਹੀਦੀ ਹੈ, ਜਿਸ ਨਾਲ ਬੂਟਿਆਂ ਦੀ ਗਾਚੀ ਟੁੱਟਣ ਤੋਂ ਬਚ ਜਾਵੇਗੀ । ਜੇਕਰ ਆਪ ਨੇ ਅਜਿਹਾ ਨਾ ਕੀਤਾ ਤਾਂ ਤੁਹਾਡੇ ਬੂਟਿਆਂ ਦੀ ਮਰਨ ਦਰ ਬਹੁਤ ਜ਼ਿਆਦਾ ਹੋਵੇਗੀ । ਇਸ ਤੋਂ ਬਿਨ੍ਹਾਂ ਜੇਕਰ ਆਪ ਨੇ ਪੱਤਝੜ ਵਾਲੇ ਬੂਟੇ ਨਰਸਰੀ ਵਿੱਚੋਂ ਲਿਆਉਣੇ ਹਨ ਤਾਂ ਉਹਨਾਂ ਦੀਆਂ ਜੜ੍ਹਾਂ ਨੂੰ ਬੋਰੀ ਨਾਲ ਲਪੇਟ ਕੇ ਲਿਆਉਣਾ ਚਾਹੀਦਾ ਹੈ, ਨਹੀਂ ਤਾਂ ਜੜ੍ਹਾਂ ਨੂੰ ਹਵਾ ਲੱਗ ਕੇ ਬੂਟੇ ਮਰ ਸਕਦੇ ਹਨ । ਇਹ ਵੀ ਬਹੁਤ ਜ਼ਰੂਰੀ ਗੱਲ ਹੈ ਕਿ ਜਦੋਂ ਨਰਸਰੀ ਦੇ ਬੂਟੇ ਆਪਣੇ ਬਣਦੇ ਰਕਬੇ ਲਈ ਲੈਣੇ ਹਨ ਤਾਂ ਘੱਟੋ-ਘੱਟ 10 ਪ੍ਰਤੀਸ਼ਤ ਬੂਟੇ ਵਾਧੂ ਲੈ ਲਉ, ਕਿਉਂਕਿ ਜਦੋਂ ਕੋਈ ਬੂਟਾ ਮਰਦਾ ਹੈ ਤਾਂ ਉਸੇ ਸਮੇਂ ਉਸ ਦੇ ਨਾਲ ਦੇ ਹੀ ਬੂਟੇ ਨਾਗੇ ਵਾਲੀ ਥਾਂ 'ਤੇ ਲਾਏ ਜਾ ਸਕਦੇ ਹਨ, ਨਹੀਂ ਤਾਂ ਕਈ ਵਾਰ ਇੱਕ-ਇੱਕ ਸਾਲ ਦਾ ਗੈਪ ਪੈ ਜਾਂਦਾ ਹੈ ।

### 4. ਬੂਟੇ ਲਾਉਣਾ

ਸਦਾਬਹਾਰ ਬੂਟੇ ਹਮੇਸ਼ਾਂ ਦੁਪਹਿਰ ਤੋਂ ਬਾਅਦ ਹੀ ਲਾਉਣੇ ਚਾਹੀਦੇ ਹਨ, ਕਿਉਂਕਿ ਬੂਟੇ ਰਾਤ ਸਮੇਂ ਘੱਟ ਤਾਪਮਾਨ 'ਤੇ ਸੈਟ ਹੋ ਜਾਂਦੇ ਹਨ । ਖੇਤ ਵਿਚ ਬੂਟੇ ਲਾਉਣ ਤੋਂ ਬਾਅਦ ਸਿਉਂਕ ਤੋਂ ਬਚਾਅ ਈ ਕਲੋਰੋਪਾਈਰੀਫਾਸ 10 ਮਿਲੀਲਿਟਰ ਪ੍ਰਤੀ 10 ਲਿਟਰ ਪਾਣੀ ਦੇ ਹਿਸਾਬ ਨਾਲ ਪ੍ਰਤੀ ਬੂਟਾ ਪਾ ਦੇਣੀ ਚਾਹੀਦੀ ਹੈ । ਇਹ ਦਵਾਈ ਸਾਲ ਵਿਚ ਘੱਟੋ-ਘੱਟ 2 ਵਾਰ ਜ਼ਰੂਰ ਪਾ ਦੇਣੀ ਚਾਹੀਦੀ ਹੈ, ਦਸੰਬਰ ਮਹੀਨੇ ਅਤੇ ਜੁਲਾਈ ਜਾਂ ਅਗਸਤ ਵਿੱਚ ।

### 5. ਬੂਟਿਆਂ ਨੂੰ ਪਾਣੀ ਲਾਉਣਾ

ਬੂਟਿਆਂ ਨੂੰ ਪਾਣੀ ਦੇਣ ਲਈ ਇਨ੍ਹਾਂ ਦੀਆਂ ਖਾਲਾਂ ਵੱਖਰੀਆਂ ਹੀ ਬਣਾ ਦੇਣੀਆਂ ਚਾਹੀਦੀਆਂ ਹਨ ਤਾਂਕਿ ਲੋੜ ਅਨੁਸਾਰ ਬੂਟਿਆਂ ਨੂੰ ਪਾਣੀ ਦਿੱਤਾ ਜਾ ਸਕੇ । ਜੇਕਰ ਬਾਗ ਵਿੱਚ ਕੋਈ ਹੋਰ ਫ਼ਸਲ ਬੀਜੀ ਹੈ ਤਾਂ ਉਸ ਦਾ ਪਾਣੀ ਦਾ ਪ੍ਰਬੰਧ ਅਲੱਗ ਹੀ ਰੱਖੋ, ਨਹੀਂ ਤਾਂ ਕਈ ਵਾਰ ਪਾਣੀ ਦੀ ਵਾਧ-ਘਾਟ ਕਰਕੇ ਬੂਟੇ ਮਰ ਜਾਂਦੇ ਹਨ, ਨਵੇਂ ਲਗਾਏ ਬਾਗ ਵਿੱਚ ਕਦੇ ਵੀ ਜੀਰੀ, ਚਰੀ-ਬਾਜਰਾ, ਕਪਾਹ ਜਾਂ ਬਰਸੀਮ ਨਾ ਬੀਜੋ, ਇਸ ਨਾਲ ਬੂਟਿਆਂ ਦੇ ਮਰਨ ਦੀ ਸੰਭਾਵਨਾ ਵੱਧ ਜਾਵੇਗੀ ।

### 6. ਨਵੇਂ ਬੂਟਿਆਂ ਦੀ ਦੇਖ-ਭਾਲ

ਨਵੇਂ ਲਗਾਏ ਬੂਟਿਆਂ ਦੀ ਦੇਖਭਾਲ ਕਰਕੇ ਰਹੋ, ਜਿਵੇਂ ਕਿ ਪਿਉਂਦ ਤੋਂ ਨੀਚੇ ਕਦੇ ਵੀ ਕੋਈ ਟਾਹਣੀ ਨਾ ਫੁੱਟਣ ਦਿਉ, ਜੇਕਰ ਬੂਟਾ ਟੇਢਾ ਚੱਲਦਾ ਹੈ ਤਾਂ ਉਸ ਨੂੰ ਸੋਟੀ ਨਾਲ ਸਹਾਰਾ ਦਿਉ, ਜੇਕਰ ਕਿਸੇ ਕੀੜੇ-ਮਕੌੜੇ/ਬਿਮਾਰੀ ਦਾ ਹਮਲਾ ਹੈ ਤਾਂ ਮਾਹਿਰਾਂ ਦੀ ਸਿਫਾਰਿਸ਼ ਅਨੁਸਾਰ ਸਪਰੇਅ ਕਰੋ ਅਤੇ ਜ਼ਿਆਦਾ ਗਰਮੀ/ਸਰਦੀ ਸਮੇਂ ਬੂਟਿਆਂ ਨੂੰ ਪਰਾਲੀ ਨਾਲ ਢੱਕ ਕੇ ਰੱਖੋ ।




ਖੇਤੀ ਦੁਨੀਆਂ
ਵੱਲੋਂ
ਕਿਸਾਨ ਭਰਾਵਾਂ ਅਤੇ ਡੀਲਰ/ਡਿਸਟਰੀਬਿਊਟਰਾਂ ਲਈ
ਚੰਦਿਆਂ 'ਤੇ ਵਿਸ਼ੇਸ਼ ਛੂਟ
ਡਾਕ ਰਾਹੀਂ ਪ੍ਰਾਪਤ ਕਰਨ ਲਈ ਚੰਦੇ
ਇੱਕ ਸਾਲ ਲਈ 500/- ਰੁਪਏ | ਦੋ ਸਾਲ ਲਈ 750/- ਰੁਪਏ
ਇੱਕ/ਦੋ ਸਾਲ ਦੇ ਮੈਂਬਰ ਬਣਨ ਤੋਂ ਬਾਅਦ ਵੱਟਸਐਪ ਰਾਹੀਂ ਸਰਵਿਸ ਮੁਫ਼ਤ ਪ੍ਰਾਪਤ ਕਰੋ।

ਵਿਸ਼ੇਸ਼ ਆਫਰ
ਖੇਤੀ ਦੁਨੀਆਂ
ਵਟਸਐਪ ਰਾਹੀਂ ਪ੍ਰਾਪਤ ਕਰਨ ਲਈ
ਸਾਲਾਨਾ ਚੰਦਾ
ਸਿਰਫ 100/-* ਰੁਪਏ

KHETI DUNIYAN
TID - 62763351
ਚੰਦੇ ਭਰਨ ਲਈ QR ਕੋਡ ਸਕੈਨ ਕਰੋ।

KHETI DUNIYAN
An Exclusive Agril. Weekly
Excellence in Agri Info
ਖੇਤੀ ਦੁਨੀਆਂ
ਕੇ. ਡੀ. ਕੰਪਲੈਕਸ, ਗਊਸ਼ਾਲਾ ਰੋਡ, ਨੇੜੇ ਸ਼ੇਰੇ ਪੰਜਾਬ ਮਾਰਕਿਟ, ਪਟਿਆਲਾ-147001
ਵਧੇਰੇ ਜਾਣਕਾਰੀ ਲਈ 'ਤੇ ਸੰਪਰਕ ਕਰੋ : ਮੋ. 90410-14575
Website : www.khetiduniyan.in
E-mail : khetiduniyan1983@gmail.com